ਘਰ ਵਿੱਚ ਸਬਜ਼ੀਆਂ ਉਗਾਉਣਾ MISSISSAUGA

ਆਊਟਡੋਰ ਸਬਜ਼ੀਆਂ ਉਗਾਉਣ ਦੀ ਗਾਈਡ

ecosource
Growing a Green Community

MISSISSAUGA

ਇਸ ਕਦਮ-ਦਰ-ਕਦਮ ਗਾਈਡ ਨਾਲ ਆਪਣੇ ਆਊਟਡੋਰ ਬਾਗ ਵਿੱਚ ਤਾਜ਼ੀਆਂ ਸਬਜ਼ੀਆਂ ਉਗਾਉਣਾ ਸਿੱਖੋ।

ਧੰਨਵਾਦ

ਅਸੀਂ ਉਨ੍ਹਾਂ ਜ਼ਮੀਨਾਂ ਦਾ ਸਨਮਾਨ ਕਰਦੇ ਹਾਂ, ਜੋ ਅੱਜ ਦੇ Mississauga ਸ਼ਹਿਰ ਨੂੰ ਬਣਾਉਂਦੀਆਂ ਹਨ, ਅਤੇ ਜਿਨ੍ਹਾਂ 'ਤੇ ਅਸੀਂ ਰਿਸ਼ਤੇ ਬਣਾਉਂਦੇ ਹਾਂ, ਵਧਦੇ-ਫੁੱਲਦੇ ਹਾਂ, ਅਤੇ ਫ਼ਸਲ ਸਾਂਝੀ ਕਰਦੇ ਹਾਂ, ਅਤੇ ਬੀਜ ਲਗਾਉਂਦੇ ਅਤੇ ਸੰਭਾਲਦੇ ਹਾਂ, ਜੋ ਕਿ Credit First Nation ਦੇ Mississauga ਵਸਨੀਕਾਂ ਦੀ Treaty Lands, Haudenosaunee ਦੀ Traditional Territory ਅਤੇ Treaty lands, ਅਤੇ Anishinaabe, Huron-Wendat First Nation ਅਤੇ Wyandot First Nation ਦੀ Traditional Territory ਦਾ ਹਿੱਸਾ ਹਨ। ਅਸੀਂ ਇਹਨਾਂ ਲੋਕਾਂ ਅਤੇ ਉਹਨਾਂ ਦੇ ਪੁਰਖਿਆਂ ਦਾ ਉਹਨਾਂ ਲੋਕਾਂ ਵਜੋਂ ਸਨਮਾਨ ਕਰਦੇ ਹਾਂ, ਜੋ ਬਹੁਤ ਪੁਰਾਣੇ ਸਮੇਂ ਤੋਂ ਇਹਨਾਂ ਧਰਤੀਆਂ 'ਤੇ ਵੱਸਦੇ ਅਤੇ ਇਹਨਾਂ ਦੀ ਸੰਭਾਲ ਕਰਦੇ ਆ ਰਹੇ ਹਨ। Mississauga ਸ਼ਹਿਰ First Nations, Metis, ਅਤੇ Inuit ਲੋਕਾਂ ਦਾ ਘਰ ਹੈ।

ਇੰਡੀਜੀਨਸ ਭੋਜਨ ਪਰੰਪਰਾਵਾਂ, ਭੂਤਕਾਲ ਅਤੇ ਵਰਤਮਾਨ, ਧਰਤੀ ਦਾ ਅਨਿੱਖੜਵਾਂ ਅੰਗ ਹਨ ਅਤੇ ਇਸ ਨਾਲ ਗੂੜ੍ਹੇ ਤੌਰ 'ਤੇ ਜੁੜੀਆਂ ਹੋਈਆਂ ਹਨ। Mississauga ਸ਼ਹਿਰ ਅਤੇ Ecosource, ਇੰਡੀਜੀਨਸ ਲੋਕਾਂ ਦੀਆਂ ਪਰੰਪਰਾਵਾਂ ਅਤੇ ਸੰਭਾਲ ਨੂੰ ਮਾਨਤਾ ਦਿੰਦੇ ਹਨ ਅਤੇ ਉਸਦਾ ਸਤਿਕਾਰ ਕਰਦੇ ਹਨ। ਅਸੀਂ ਸੱਚਾਈ ਅਤੇ ਮਿਲਾਪ ਦੀ ਪ੍ਰਕਿਰਿਆ ਵਿੱਚ ਸਿੱਖਦੇ, ਸ਼ਾਮਲ ਹੁੰਦੇ ਅਤੇ ਹਿੱਸਾ ਲੈਂਦੇ ਰਹਿਣ ਲਈ ਵਚਨਬੱਧ ਹਾਂ।

ਇਹ ਗਾਈਡ Mississauga ਸ਼ਹਿਰ ਅਤੇ Ecosource ਦੀ ਸਾਂਝੇਦਾਰੀ ਵਿੱਚ ਵਿਕਸਤ ਕੀਤੀ ਗਈ ਸੀ। ਅਸੀਂ ਉਹਨਾਂ ਭਾਈਚਾਰਕ ਸਾਂਝੇਦਾਰਾਂ ਅਤੇ ਬਾਗਬਾਨਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਚਾਹੁੰਦੇ ਹਾਂ, ਜਿਨ੍ਹਾਂ ਦੇ ਗਿਆਨ ਨੇ ਇਸ ਸਰੋਤ ਦੇ ਵਿਕਾਸ ਵਿੱਚ ਮਾਰਗਦਰਸ਼ਨ ਕੀਤਾ।

MISSISSAUGA

ecosource
Growing a Green Community

© 2025

ਸਬਜ਼ੀਆਂ ਦਾ ਬਾਗ ਕਿਉਂ ਉਗਾਓ?

ਆਪਣੀਆਂ ਖੁਦ ਦੀਆਂ ਸਬਜ਼ੀਆਂ ਉਗਾਉਣਾ ਬਹੁਤ ਹੀ ਲਾਭਦਾਇਕ ਅਨੁਭਵ ਹੋ ਸਕਦਾ ਹੈ। ਇਹ ਨਾ ਸਿਰਫ਼ ਤੁਹਾਨੂੰ ਤਾਜ਼ਾ, ਸਿਹਤਮੰਦ ਭੋਜਨ ਤੱਕ ਪਹੁੰਚ ਦਿੰਦਾ ਹੈ, ਜੋ ਤੁਹਾਡੀਆਂ ਖੁਰਾਕ ਸਬੰਧੀ ਅਤੇ ਸੱਭਿਆਚਾਰਕ ਲੋੜਾਂ ਨੂੰ ਪੂਰਾ ਕਰਦਾ ਹੈ, ਸਗੋਂ ਇਹ ਤੁਹਾਨੂੰ ਸਰਗਰਮ ਰੱਖਦਾ ਹੈ, ਤਣਾਅ ਘਟਾਉਂਦਾ ਹੈ, ਅਤੇ ਤੁਹਾਨੂੰ ਕੁਦਰਤ ਨਾਲ ਜੋੜਦਾ ਹੈ। ਜਦੋਂ ਤੁਸੀਂ ਟਿਕਾਊ ਤਰੀਕੇ ਨਾਲ ਸਬਜ਼ੀਆਂ ਉਗਾਉਂਦੇ ਹੋ, ਤਾਂ ਤੁਸੀਂ ਪਰਾਗਣ ਕਰਨ ਵਾਲੇ ਜੀਵਾਂ ਦੀ ਸਹਾਇਤਾ ਕਰਕੇ, ਮਿੱਟੀ ਦੀ ਗੁਣਵੱਤਾ ਸੁਧਾਰ ਕੇ, ਅਤੇ ਪਾਣੀ ਦੀ ਸੰਭਾਲ ਕਰਕੇ ਵਾਤਾਵਰਣ ਦੀ ਵੀ ਮਦਦ ਕਰਦੇ ਹੋ। ਭਾਵੇਂ ਆਊਟਡੋਰ ਸਬਜ਼ੀਆਂ ਦਾ ਬਾਗ ਸ਼ੁਰੂ ਕਰਨ ਲਈ ਤੁਹਾਡੀ ਪ੍ਰੇਰਣਾ ਕੁਝ ਵੀ ਹੋਵੇ, ਇਹ ਗਾਈਡ ਤੁਹਾਨੂੰ ਬਸੰਤ ਤੋਂ ਲੈ ਕੇ ਪਤਝੜ ਤੱਕ ਦੀਆਂ ਬੁਨਿਆਦੀ ਗੱਲਾਂ ਬਾਰੇ ਦੱਸੇਗੀ, ਜਿਸ ਵਿੱਚ ਸ਼ਾਮਲ ਹੈ, ਆਪਣੀ ਥਾਂ ਦੀ ਚੋਣ ਕਰਨਾ, ਆਪਣੇ ਪੌਦੇ ਚੁਣਨਾ, ਆਪਣੀਆਂ ਸਬਜ਼ੀਆਂ ਦੀ ਵਾਢੀ ਕਰਨਾ, ਅਤੇ ਸਰਦੀਆਂ ਲਈ ਆਪਣੇ ਬਾਗ ਨੂੰ ਤਿਆਰ ਕਰਨਾ ।

ਬਾਗਬਾਨੀ ਅਤੇ ਜਲਵਾਯੂ ਕਾਰਵਾਈ

Mississauga ਸ਼ਹਿਰ ਦੀ ਅਰਬਨ ਐਗਰੀਕਲਚਰ ਸਟ੍ਰੈਟਜੀ (Urban Agriculture Strategy), ਇਹ ਮੰਨਦੀ ਹੈ ਕਿ ਸਬਜ਼ੀਆਂ ਅਤੇ ਫਲਾਂ ਦੀ ਬਾਗਬਾਨੀ ਭਾਈਚਾਰਕ ਅਤੇ ਵਾਤਾਵਰਣ ਸਬੰਧੀ ਸਿਹਤ ਨੂੰ ਬਿਹਤਰ ਬਣਾ ਸਕਦੀ ਹੈ। ਸ਼ਹਿਰੀ ਖੇਤੀਬਾੜੀ ਫੂਡ ਮੀਲਾਂ ਅਤੇ ਸੰਬੰਧਿਤ ਗ੍ਰੀਨਹਾਊਸ ਗੈਸ (GHG) ਨਿਕਾਸੀਆਂ ਨੂੰ ਘਟਾ ਕੇ ਜਲਵਾਯੂ ਕਾਰਵਾਈ ਵਿੱਚ ਸਹਾਇਤਾ ਕਰਦੀ ਹੈ। ਇਹ ਸਾਡੇ ਆਂਢ-ਗੁਆਂਢ ਨੂੰ ਠੰਡਾ ਕਰਕੇ, ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਕੇ, ਜਿੱਥੇ ਮੀਂਹ ਪੈਂਦਾ ਹੈ, ਉਸਨੂੰ ਉੱਥੇ ਹੀ ਸੋਖ ਕੇ, ਜੈਵ ਵਿਭਿੰਨਤਾ ਨੂੰ ਵਧਾ ਕੇ, ਅਤੇ ਭਾਈਚਾਰਕ ਲਚਕੀਲੇਪਣ ਨੂੰ ਉਤਸ਼ਾਹਿਤ ਕਰਕੇ ਜਲਵਾਯੂ ਪਰਿਵਰਤਨ ਦੇ ਅਨੁਕੂਲਨ ਵਿੱਚ ਵੀ ਸਹਾਇਤਾ ਕਰ ਸਕਦੀ ਹੈ।

ਇਨ੍ਹਾਂ ਲਾਭਾਂ ਨੂੰ ਦੇਖਦਿਆਂ, Mississauga ਸ਼ਹਿਰ ਸਬਜ਼ੀਆਂ ਉਗਾਉਣ ਅਤੇ ਕੱਟਣ ਦੇ ਹੁਨਰ ਵਿਕਸਤ ਕਰਨ ਵਿੱਚ ਵਸਨੀਕਾਂ ਨੂੰ ਸਹਾਇਤਾ ਕਰਨ ਲਈ ਵਚਨਬੱਧ ਹੈ।

ਇਸ ਗਾਈਡ ਦੀ ਵਰਤੋਂ ਕਿਵੇਂ ਕਰੀਏ

ਇਹ ਗਾਈਡ ਘਰ ਵਿੱਚ ਆਊਟਡੋਰ ਸਬਜ਼ੀਆਂ ਦਾ ਬਾਗ ਸ਼ੁਰੂ ਕਰਨ ਬਾਰੇ ਬੁਨਿਆਦੀ ਜਾਣਕਾਰੀ ਦਿੰਦੀ ਹੈ। ਸਮੱਗਰੀ ਨੂੰ ਸੱਤ ਚੈਪਟਰਾਂ ਵਿੱਚ ਵੰਡਿਆ ਗਿਆ ਹੈ, ਜੋ ਪੂਰੇ ਬਾਗਬਾਨੀ ਸੀਜ਼ਨ ਦੌਰਾਨ, ਬਾਗ ਦੀ ਤਿਆਰੀ ਤੋਂ ਲੈ ਕੇ ਅੰਤ ਤੱਕ ਤੁਹਾਡਾ ਮਾਰਗਦਰਸ਼ਨ ਕਰਦੇ ਹਨ। ਚੈਪਟਰਾਂ ਵਿੱਚ ਹਰ ਬਗੀਚੇ ਦੇ ਪੜਾਅ 'ਤੇ ਵਿਚਾਰ ਕਰਨ ਲਈ ਵਿਵਹਾਰਕ ਸਲਾਹਾਂ ਅਤੇ Mississauga ਦੇ ਬਾਗਬਾਨਾਂ ਵੱਲੋਂ ਦਿੱਤੀਆਂ ਗਈਆਂ ਸੂਝ-ਬੂਝ ਭਰੀਆਂ ਗੱਲਾਂ ਸ਼ਾਮਲ ਹਨ। ਅੰਤ ਵਿੱਚ ਦਿੱਤੀ ਗਈ ਸ਼ਬਦਾਵਲੀ, ਪੂਰੇ ਲੇਖ ਵਿੱਚ ਅੰਡਰਲਾਈਨ ਕੀਤੇ ਮੁੱਖ ਬਾਗਬਾਨੀ ਸ਼ਬਦਾਂ ਲਈ ਤੁਰੰਤ ਹਵਾਲਾ ਮੁਹੱਈਆ ਕਰਦੀ ਹੈ।

ਗਾਈਡ ਵਿੱਚ ਪਹੁੰਚਯੋਗਤਾ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਵੇਂ ਕਿ ਪਹੁੰਚਯੋਗ ਫੌਂਟ, ਕੰਟ੍ਰਾਸਟ ਅਤੇ ਵਿਕਲਪਕ ਟੈਕਸਟ। ਪਹੁੰਚ ਨੂੰ ਹੋਰ ਅਸਾਨ ਬਣਾਉਣ ਲਈ, ਗਾਈਡ ਇੱਕ ਵਿਕਲਪਕ ਸਿਰਫ-ਟੈਕਸਟ ਫੌਰਮੈਟ ਵਿੱਚ ਡਾਊਨਲੋਡ ਕਰਨ ਲਈ ਉਪਲਬਧ ਹੈ।



ਤਿਆਰੀ

ਆਪਣੇ ਬਾਗ ਲਈ ਯੋਜਨਾ ਬਣਾਓ

ਜਾਣ-ਪਛਾਣ

ਬਾਗਬਾਨੀ ਸ਼ੁਰੂ ਕਰਨ ਤੋਂ ਪਹਿਲਾਂ, ਤਿਆਰੀ ਕਰਨਾ ਜ਼ਰੂਰੀ ਹੈ। ਇਹ ਸਮਝਣ ਨਾਲ ਤੁਹਾਨੂੰ ਇੱਕ ਮਜ਼ਬੂਤ ਸ਼ੁਰੂਆਤ ਮਿਲੇਗੀ ਕਿ ਤੁਹਾਨੂੰ ਕਿਹੜੀਆਂ ਸਮੱਗਰੀਆਂ ਦੀ ਲੋੜ ਪਵੇਗੀ, ਸੁਰੱਖਿਅਤ ਕਿਵੇਂ ਰਹਿਣਾ ਹੈ, ਆਪਣੇ ਬਜਟ ਦਾ ਪ੍ਰਬੰਧਨ ਕਿਵੇਂ ਕਰਨਾ ਹੈ, ਅਤੇ ਬਾਗਬਾਨੀ ਦੀਆਂ ਕੁਝ ਬੁਨਿਆਦੀ ਗੱਲਾਂ। ਇਸ ਚੈਪਟਰ ਵਿੱਚ, ਅਸੀਂ ਇਹਨਾਂ ਜ਼ਰੂਰੀ ਚੀਜ਼ਾਂ ਵਿੱਚੋਂ ਹਰੇਕ ਨੂੰ ਸ਼ਾਮਲ ਕਰਾਂਗੇ, ਤਾਂ ਜੋ ਤੁਹਾਡੇ ਬਾਗਬਾਨੀ ਦੇ ਤਜਰਬੇ ਦਾ ਪੂਰਾ ਲਾਭ ਲੈਣ ਵਿੱਚ ਤੁਹਾਡੀ ਮਦਦ ਹੋ ਸਕੇ।

ਬਾਗਬਾਨੀ ਸ਼ੁਰੂ ਕਰਨ ਲਈ ਮੈਨੂੰ ਕਿਹੜਾ ਸਾਮਾਨ ਚਾ ਹੀਦਾ ਹੈ?

ਮੂਲ ਗੱਲਾਂ

- ਬਾਗਬਾਨੀ ਦੇ ਦਸਤਾਨੇ
- ਹੱਥ ਦੇ ਸੰਦ (ਹੱਥ ਦੀ ਖੁਰਪੀ, ਕਲਟੀਵੇਟਰ)
- ਪਾਣੀ ਦੇਣ ਵਾਲੀ ਕੈਨ
- ਕਤਰਨੀਆਂ ਜਾਂ ਕੈਂਚੀਆਂ
- ਬੀਜ ਅਤੇ/ਜਾਂ ਪੌਦ*
- ਮਿੱਟੀ ਅਤੇ ਖਾਦ*
- ਗਮਲੇ ਜਾਂ ਪੌਦੇ ਉਗਾਉਣ ਵਾਲੇ ਬਰਤਨ*

ਵੱਡੀਆਂ ਥਾਵਾਂ (> 40 ਵਰਗ ਫੁੱਟ) ਲਈ

- ਵੱਡੇ ਸੰਦ (ਫਾਵੜਾ, ਫੋਰਕ, ਰੇਕ)
- ਨਲੀ
- ਛੋਟਾ ਠੇਲਾ

ਮੈਂ ਆਪਣੇ ਬਾਗ ਲਈ ਬਜਟ ਕਿਵੇਂ ਬਣਾਵਾਂ?

ਜ਼ਰੂਰੀ ਨਹੀਂ ਹੈ ਕਿ ਬਾਗਬਾਨੀ 'ਤੇ ਬਹੁਤ ਸਾਰਾ ਪੈਸਾ ਖਰਚ ਕੀਤਾ ਜਾਵੇ! ਸ਼ੁਰੂਆਤ ਕਰਨ ਲਈ, ਅਸੀਂ ਉੱਪਰ ਦਿੱਤੇ ਬੁਨਿਆਦੀ ਸੰਦ ਲੈਣ ਦੀ ਸਿਫਾਰਸ਼ ਕਰਦੇ ਹਾਂ (ਜਿਨ੍ਹਾਂ ਨੂੰ ਖਰੀਦਿਆ ਜਾਂ ਉਧਾਰ ਲਿਆ ਜਾ ਸਕਦਾ ਹੈ)। ਧਿਆਨ ਦਿਓ ਕਿ ਤਾਰੇ (*) ਨਾਲ ਨਿਸ਼ਾਨ ਲਗਾਈਆਂ ਗਈਆਂ ਆਈਟਮਾਂ ਥੋੜ੍ਹੀ ਜਿਹੀ ਲਾਗਤ 'ਤੇ ਜਾਂ ਬਿਨਾਂ ਕਿਸੇ ਲਾਗਤ ਦੇ ਆਸਾਨੀ ਨਾਲ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। Mississauga ਸੀਡ ਲਾਇਬ੍ਰੇਰੀ (Mississauga Seed Library) ਤੋਂ ਬੀਜ ਉਧਾਰ ਲੈਣ ਅਤੇ ਰੀਸਾਈਕਲ ਕੀਤੇ ਕੰਟੇਨਰਾਂ ਨੂੰ ਗਮਲਿਆਂ ਵਜੋਂ ਦੁਬਾਰਾ ਵਰਤਣ 'ਤੇ ਵਿਚਾਰ ਕਰੋ। ਇਹਨਾਂ ਲਾਗਤ-ਪ੍ਰਭਾਵਸ਼ਾਲੀ ਸੁਝਾਵਾਂ ਨਾਲ, ਤੁਸੀਂ 100 ਡਾਲਰ ਤੋਂ ਵੀ ਘੱਟ ਵਿੱਚ ਇੱਕ ਛੋਟਾ ਬਾਗ (<40 ਵਰਗ ਫੁੱਟ) ਸ਼ੁਰੂ ਕਰ ਸਕਦੇ ਹੋ, ਅਤੇ ਸਮੇਂ ਦੇ ਨਾਲ, ਤੁਸੀਂ ਇਸਨੂੰ ਆਪਣੀਆਂ ਲੋੜਾਂ ਅਤੇ ਬਜਟ ਦੋਵਾਂ ਦੇ ਅਨੁਸਾਰ ਵਧਾ ਅਤੇ ਅਨੁਕੂਲਿਤ ਕਰ ਸਕਦੇ ਹੋ।

ਬਾਗਬਾਨੀ ਲਈ

ਬਾਗਬਾਨੀ ਦੌਰਾਨ ਵਧੇਰੇ ਪਹੁੰਚਯੋਗਤਾ ਲਈ, ਬਾਗ ਦੇ ਬਹੁਤ ਸਾਰੇ ਸੰਦਾਂ ਦੇ ਐਰਗੋਨੋਮਿਕ ਸੰਸਕਰਣ ਉਪਲਬਧ ਹਨ। ਤੁਸੀਂ ਝੁਕਣ ਨੂੰ ਆਸਾਨ ਬਣਾਉਣ ਲਈ ਬਾਗ ਸਬੰਧੀ ਗੋਡੇ ਟੇਕਣ ਵਾਲੇ ਜਾਂ ਗੋਡਿਆਂ ਦੇ ਪੈਡ ਵੀ ਖਰੀਦਣਾ ਚਾਹ ਸਕਦੇ ਹੋ। ਕਈ ਤਰ੍ਹਾਂ ਦੀ ਵਰਤੋਂ ਵਾਲੇ ਪਿਕਰ/ਗ੍ਰੈਬਰ ਜਾਂ ਵਧਾਉਣਯੋਗ ਪਾਣੀ ਦੇਣ ਵਾਲੀਆਂ ਡੰਡੀਆਂ ਵੀ ਇੱਧਰ-ਉੱਧਰ ਜਾਣ ਦੀ ਸਮਰੱਥਾ ਵਧਾਉਣ ਵਿੱਚ ਮਦਦ ਕਰ ਸਕਦੀਆਂ ਹਨ।

ਸਿਹਤ ਅਤੇ ਸੁਰੱਖਿਆ ਸਬੰਧੀ ਧਿਆਨ ਰੱਖਣ ਯੋਗ ਗੱਲਾਂ

- ਸੁਰੱਖਿਆ ਲਈ ਲਾਜ਼ਮੀ ਚੀਜ਼ਾਂ ਪਹਿਨੋ: ਟੋਪੀ, ਸਨਸਕ੍ਰੀਨ, ਹਲਕੇ ਕੱਪੜੇ, ਕੀਟ-ਵਿਰੋਧੀ ਕ੍ਰੀਮ, ਦਸਤਾਨੇ, ਅਤੇ ਬੰਦ ਪੈਰਾਂ ਵਾਲੇ ਜੁੱਤੇ
- ਟਿਕਸ ਤੋਂ ਸੁਰੱਖਿਆ ਬਾਰੇ ਜਾਣੋ ਅਤੇ ਬਾਗਬਾਨੀ ਤੋਂ ਬਾਅਦ ਟਿੱਕ ਜਾਂਚ ਕਰੋ
- ਸਭ ਤੋਂ ਵੱਧ ਗਰਮੀ ਵਾਲੇ ਘੰਟਿਆਂ ਵਿੱਚ ਕੰਮ ਕਰਨ ਤੋਂ ਬਚੋ, ਬਹੁਤ ਸਾਰਾ ਪਾਣੀ ਪੀਓ ਅਤੇ ਅਕਸਰ ਬ੍ਰੇਕ ਲੈਂਦੇ ਰਹੋ
- ਠੋਕਰ ਲੱਗਣ ਅਤੇ ਡਿੱਗਣ ਤੋਂ ਬਚਣ ਲਈ ਸੰਦਾਂ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰੋ
- ਲੰਬੇ, ਵਾਰ-ਵਾਰ ਕਰਨ ਵਾਲੇ ਕੰਮਾਂ ਤੋਂ ਬਚੋ, ਵਿੱਚ-ਵਿੱਚ ਦੀ ਸਰੀਰ ਦੀ ਸਟ੍ਰੈਚਿੰਗ ਕਰੋ ਅਤੇ ਚੀਜ਼ਾਂ ਚੁੱਕਣ ਵੇਲੇ ਆਪਣੀ ਪਿੱਠ ਦੀ ਬਜਾਏ ਲੱਤਾਂ ਦੀ ਤਾਕਤ ਵਰਤੋ।
- ਜੇ ਧਰਤੀ ਵਿੱਚ ਲਗਾਉਣਾ ਹੈ, ਤਾਂ ਆਪਣੀ ਮਿੱਟੀ ਦੀ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਪ੍ਰਦੂਸ਼ਕਾਂ ਤੋਂ ਸੁਰੱਖਿਅਤ ਹੈ। ਜੇ ਤੁਹਾਨੂੰ ਆਪਣੀ ਮਿੱਟੀ ਦੀ ਗੁਣਵੱਤਾ ਬਾਰੇ ਪੱਕਾ ਪਤਾ ਨਹੀਂ ਹੈ, ਤਾਂ ਹੇਠਾਂ ਇੱਕ ਪਰਤ ਵਾਲੇ ਕੰਟੇਨਰ ਵਿੱਚ ਬੀਜ ਲਗਾਓ।

ਤੁਸੀਂ ਇੱਕ ਨਮੂਨਾ ਕਿਸੇ ਸਥਾਨਕ ਲੈਬ ਵਿੱਚ ਭੇਜ ਸਕਦੇ ਹੋ। ਇਸਨੂੰ ਲੱਭਣ ਲਈ, ਇੰਟਰਨੈੱਟ 'ਤੇ ਖੋਜ ਕਰਨ ਲਈ ਇਹਨਾਂ ਮੁੱਖ ਸ਼ਬਦਾਂ ਦੀ ਵਰਤੋਂ ਕਰੋ: "ਵਾਤਾਵਰਣ ਵਿਸ਼ਲੇਸ਼ਣ ਸਬੰਧੀ ਲੈਬੋਰੇਟਰੀ Mississauga"। ਇਹ ਯਕੀਨੀ ਬਣਾਓ ਕਿ ਲੈਬ ਸਟੈਂਡਰਡਜ਼ ਕੌਂਸਲ ਆਫ਼ ਕੈਨੇਡਾ (Standards Council of Canada) (SCC) ਜਾਂ ਕੈਨੇਡੀਅਨ ਐਸੋਸੀਏਸ਼ਨ ਫਾਰ ਲੈਬਾਰਟਰੀ ਐਕਰੀਡੀਟੇਸ਼ਨ (Canadian Association for Laboratory Accreditation) (CALA) ਦੁਆਰਾ ਪ੍ਰਮਾਣਿਤ ਹੈ।

ਮੈਂ ਬੀਜਾਂ ਦੇ ਪੈਕੇਟ ਨੂੰ ਕਿਵੇਂ ਪੜ੍ਹਾਂ?

ਤੁਹਾਡੇ ਬੀਜ ਦੇ ਪੈਕੇਟ ਦੇ ਪਿੱਛੇ ਉਗਾਉਣ ਬਾਰੇ ਮੁੱਖ ਜਾਣਕਾਰੀ ਹੁੰਦੀ ਹੈ। ਇੱਥੇ ਸਭ ਤੋਂ ਆਮ ਸ਼ਬਦਾਂ ਦੀ ਵਿਆਖਿਆ ਦਿੱਤੀ ਗਈ ਹੈ:



ਬੀਜਾਂ ਵਿਚਕਾਰ ਦੂਰੀ (SEED SPACING)

ਆਪਣੇ ਬੀਜਾਂ ਨੂੰ ਇੱਕ ਦੂਜੇ ਤੋਂ ਕਿੰਨੀ ਦੂਰੀ 'ਤੇ ਲਗਾਉਣਾ ਹੈ

ਬੀਜਣ ਦੀ ਡੂੰਘਾਈ (PLANTING DEPTH)

ਬੀਜਾਂ ਨੂੰ ਮਿੱਟੀ ਵਿੱਚ ਕਿੰਨੀ ਡੂੰਘਾਈ 'ਤੇ ਰੱਖਣਾ ਹੈ

ਕੱਟਣ ਲਈ ਦਿਨ (DAYS TO HARVEST)

ਬੀਜ ਲਗਾਉਣ ਤੋਂ ਕਿੰਨੇ ਦਿਨਾਂ ਬਾਅਦ ਇਹ ਖਾਣ ਲਈ ਤਿਆਰ ਹੋਵੇਗਾ

ਕਿੰਨਾ <u>ਦੂਰ ਰੱਖਣਾ</u> ਹੈ (THIN TO)

ਜਦੋਂ ਤੁਹਾਡੇ ਬੀਜ ਉੱਗਣ ਲੱਗਣ, ਤਾਂ ਉਹਨਾਂ ਵਿੱਚੋਂ ਉਹ ਪੌਦੇ ਹਟਾ ਦਿਓ, ਜੋ ਇਸ ਦੂਰੀ ਤੋਂ ਵੱਧ ਨੇੜੇ ਨੇੜੇ ਹਨ।

ਕਦੋਂ ਤੱਕ <u>ਬੀਜਣਾ</u> ਹੈ (SOW BY)

ਇਸ ਤਾਰੀਖ ਤੱਕ ਬੀਜ ਵਰਤਣ ਦੀ ਕੋਸ਼ਿਸ਼ ਕਰੋ; ਇਸ ਤੋਂ ਬਾਅਦ ਹੋ ਸਕਦਾ ਹੈ ਕਿ ਘੱਟ ਬੀਜ ਉੱਗਣ

ਬਾਗਬਾਨੀ ਲਈ ਸੁਝਾਅ

ਬੀਜਾਂ ਦੇ ਪੈਕੇਟ ਚੰਗੇ ਮਾਰਗਦਰਸ਼ਕ ਹੁੰਦੇ ਹਨ, ਪਰ ਤੁਹਾਨੂੰ ਹਰ ਚੀਜ਼ ਨੂੰ ਬਿਲਕੁਲ ਪੂਰਾ-ਪੂਰਾ ਮਾਪਣ ਦੀ ਲੋੜ ਨਹੀਂ ਹੈ! ਛੋਟੇ ਬੀਜਾਂ ਨੂੰ ਨੇੜੇ-ਨੇੜੇ ਲਗਾਓ ਅਤੇ ਜੇ ਉਹ ਸਾਰੇ ਉੱਗਣ ਲੱਗ ਪੈਣ, ਤਾਂ ਵਾਧੂ ਬੂਟੇ ਹਟਾ ਦਿਓ। ਸੋਚੋ ਕਿ ਤੁਹਾਡਾ ਪੌਦਾ ਪੂਰੀ ਤਰ੍ਹਾਂ ਵਧਣ 'ਤੇ ਕਿੰਨਾ ਵੱਡਾ ਹੋਵੇਗਾ, ਅਤੇ ਇਹ ਯਕੀਨੀ ਬਣਾਓ ਕਿ ਹਰ ਇੱਕ ਦੇ ਆਲੇ-ਦੁਆਲੇ ਕਾਫ਼ੀ ਜਗ੍ਹਾ ਹੋਵੇ।

ਸੂਝ-ਬੂਝ ਭਰੀਆਂ ਗੱਲਾਂ

ਮਾਰਚ ਦੀ ਬ੍ਰੇਕ ਉਹ ਸਮਾਂ ਹੁੰਦਾ ਹੈ, ਜਦੋਂ ਮੇਰਾ ਬਾਗਬਾਨੀ ਦਾ ਸੀਜ਼ਨ ਸ਼ੁਰੂ ਹੁੰਦਾ ਹੈ! ਮੈਂ ਆਪਣੀਆਂ ਬਾਗ ਦੀਆਂ ਲਾਈਟਾਂ ਬਾਹਰ ਕੱਢਦੀ ਹਾਂ ਅਤੇ ਰੀਸਾਈਕਲ ਕੀਤੇ ਸਲਾਦ ਦੇ ਡੱਬੇ, ਖੁੰਬਾਂ ਦੇ ਕੰਟੇਨਰ, ਜੂਸ ਦੇ ਵੱਡੇ ਜੱਗ, ਅਤੇ ਬੀਜਾਂ ਦੀਆਂ ਟ੍ਰੇਆਂ ਅਤੇ ਛੋਟੇ ਗ੍ਰੀਨਹਾਊਸ ਵਜੋਂ ਵਰਤਣ ਲਈ ਬਚਾਏ ਹੋਏ ਪੁਰਾਣੇ ਗਮਲੇ ਇਕੱਠੇ ਕਰਦੀ ਹਾਂ। ਮੈਂ ਪਿਛਲੇ ਸਾਲ ਦੀਆਂ ਜੜੀ-ਬੂਟੀਆਂ, ਫੁੱਲਾਂ, ਅਤੇ ਸਬਜ਼ੀਆਂ ਦੇ ਵਿਰਾਸਤੀ ਬੀਜ ਬਚਾ ਕੇ ਰੱਖਦੀ ਹਾਂ, ਤਾਂ ਜੋ ਮੈਂ ਇਸ ਚੱਕਰ ਨੂੰ ਸਾਲ ਦਰ ਸਾਲ ਚਲਾਉਂਦੀ ਰਹਿ ਸਕਾਂ। ਬੀਜਾਂ ਦੇ ਪੈਕੇਟ ਅਤੇ ਪੌਦੇ ਲਗਾਉਣ ਵਾਲੇ ਕੈਲੰਡਰ ਦੀ ਇੱਕ ਝਾਤ ਮੈਨੂੰ ਸਹੀ ਸਮਾਂ ਨਿਰਧਾਰਤ ਕਰਨ ਵਿੱਚ ਮਦਦ ਕਰਦੀ ਹੈ। ਮੈਂ ਲਾਲ ਮਿਰਚਾਂ, ਸ਼ਿਮਲਾ ਮਿਰਚਾਂ, ਜੜੀ-ਬੂਟੀਆਂ, ਅਤੇ ਕੇਲ, ਕੋਲਾਰਡ, ਅਤੇ ਸਵਿਸ ਚਾਰਡ ਵਰਗੀਆਂ ਪੱਤੇਦਾਰ ਸਬਜ਼ੀਆਂ ਹਮੇਸ਼ਾ ਪਹਿਲਾਂ ਲਗਾਉਂਦੀ ਹਾਂ। ਮੈਨੂੰ Mississauga ਸੀਡ ਲਾਇਬ੍ਰੇਰੀ ਦੀ ਵਰਤੋਂ ਕਰਨਾ ਵੀ ਪਸੰਦ ਹੈ—ਇਹ ਸੱਭਿਆਚਾਰਕ ਪਰੰਪਰਾਵਾਂ ਨਾਲ ਜੁੜੇ ਬੀਜਾਂ ਨੂੰ ਸਾਂਝਾ ਕਰਨ ਅਤੇ ਉਹਨਾਂ ਬਾਰੇ ਹੋਰ ਜਾਣਨ, ਅਤੇ ਦੂਜਿਆਂ ਨੂੰ ਆਪਣੀ ਬਾਗਬਾਨੀ ਦੀ ਯਾਤਰਾ ਸ਼ੁਰੂ ਕਰਨ ਵਿੱਚ ਮਦਦ ਕਰਨ ਦਾ ਇੱਕ ਵਧੀਆ ਤਰੀਕਾ ਹੈ।"

- ਅੰਜਲੀ ਦੇਸ਼ਪਾਂਡੇ (Anjali Deshpande)

ਖੇਦੋ

ਆਪਣੀ ਉਗਾਉਣ ਵਾਲੀ ਥਾਂ ਤਿਆਰ ਕਰੋ

ਜਾਣ-ਪਛਾਣ

ਹਾਲਾਂਕਿ ਪੌਦੇ ਲਗਭਗ ਕਿਤੇ ਵੀ ਉਗਾਏ ਜਾ ਸਕਦੇ ਹਨ, ਪਰ ਸਬਜ਼ੀਆਂ ਨੂੰ ਵਧਣ-ਫੁੱਲਣ ਲਈ ਸਹੀ ਹਾਲਾਤਾਂ ਦੀ ਲੋੜ ਹੁੰਦੀ ਹੈ। ਇਸ ਚੈਪਟਰ ਵਿੱਚ, ਅਸੀਂ ਸਭ ਤੋਂ ਵਧੀਆ ਥਾਂ ਚੁਣਨ ਅਤੇ ਸਿਹਤਮੰਦ, <u>ਪੌਸ਼ਟਿਕ ਤੱਤਾਂ ਨਾਲ ਭਰਪੂਰ ਮਿੱਟੀ</u> ਬਣਾਉਣ ਵਿੱਚ ਤੁਹਾਡਾ ਮਾਰਗਦਰਸ਼ਨ ਕਰਾਂਗੇ, ਤਾਂ ਜੋ ਤੁਸੀਂ ਸਫਲਤਾਪੂਰਬਕ ਆਪਣਾ ਬਾਗ ਤਿਆਰ ਕਰ ਸਕੋ!

ਮੈਂ ਉਗਾਉਣ ਲਈ ਥਾਂ ਕਿਵੇਂ ਚੁਣਾਂ?

ਇੱਕ ਅਜਿਹੀ ਥਾਂ ਚੁਣੋ, ਜੋ ਇਹਨਾਂ ਮਾਪਦੰਡਾਂ ਨੂੰ ਪੂਰਾ ਕਰਦੀ ਹੋਵੇ:

ਧੁੱਪ

ਦਿਨ ਵਿੱਚ ਘੱਟੋ-ਘੱਟ 6 ਘੰਟੇ ਸਿੱਧੀ ਧੁੱਪ ਆਉਂਦੀ ਹੋਵੇ। ਦੱਖਣ-ਪਾਸੇ ਵਾਲੀ ਥਾਂ ਹਮੇਸ਼ਾ ਵਧੀਆ ਰਹਿੰਦੀ ਹੈ!

ਪਾਣੀ

ਪਾਣੀ ਤੱਕ ਆਸਾਨ ਪਹੁੰਚ ਹੋਵੇ (ਜਿਵੇਂ ਕਿ ਸਿੰਕ, ਬਾਹਰੀ ਹੋਜ਼)।

ਹਵਾ

ਪੌਦਿਆਂ ਨੂੰ ਮਜ਼ਬੂਤ ਕਰਨ ਅਤੇ ਪਰਾਗਣ ਵਿੱਚ ਮਦਦ ਕਰਨ, ਅਤੇ ਬਿਮਾਰੀਆਂ ਨੂੰ ਘੱਟ ਕਰਨ ਲਈ ਦਰਮਿਆਨਾ ਹਵਾ ਦਾ ਵਹਾਅ ਹੋਵੇ।

ਮਿੱਟੀ

ਤੁਸੀਂ ਸਿਹਤਮੰਦ ਮਿੱਟੀ ਤਿਆਰ ਕਰ ਸਕਦੇ ਹੋ। ਜੇ ਤੁਸੀਂ ਜ਼ਮੀਨ ਵਿੱਚ ਪੌਦੇ ਨਹੀਂ ਲਗਾ ਸਕਦੇ, ਤਾਂ ਤੁਸੀਂ ਗਮਲਾ, ਪਲਾਂਟਰ, ਜਾਂ ਉੱਚੀ <u>ਬਾਗ ਦੀ ਕਿਆਰੀ</u> ਵਰਤ ਸਕਦੇ ਹੋ।

ਜਗ੍ਹਾ

ਬਾਗ ਹਰ ਆਕਾਰ ਅਤੇ ਸ਼ਕਲ ਦੇ ਹੁੰਦੇ ਹਨ, ਪਰ ਆਸਾਨ ਦੇਖਭਾਲ ਲਈ ਆਪਣੇ ਉਗਾਉਣ ਵਾਲੇ ਖੇਤਰ ਨੂੰ ਪਰਿਭਾਸ਼ਿਤ ਕਰਨਾ ਮਦਦਗਾਰ ਹੁੰਦਾ ਹੈ।

ਬਾਗ ਲਈ ਸੁਝਾਅ

ਆਪਣੀ ਬਾਗਬਾਨੀ ਦੀ ਥਾਂ ਦੀ ਚੋਣ ਕਰਨ ਵਿੱਚ ਮਦਦ ਲਈ, ਕੁਝ ਦਿਨਾਂ ਤੱਕ ਆਪਣੀ ਥਾਂ ਦਾ ਮੁਆਇਨਾ ਕਰੋ। ਇਹ ਨੋਟ ਕਰੋ ਕਿ ਕਿਹੜੇ ਖੇਤਰਾਂ ਵਿੱਚ ਸਿੱਧੀ ਧੁੱਪ ਲੱਗਦੀ ਹੈ ਅਤੇ ਕਿਹੜੇ ਖੇਤਰਾਂ 'ਤੇ ਇਮਾਰਤਾਂ ਜਾਂ ਹੋਰ ਪੌਦਿਆਂ (ਉੱਪਰ) ਦੀ ਛਾਂ ਪੈਂਦੀ ਹੈ।

ਤੁਹਾਡੇ ਕੋਲ ਮੌਜੂਦ ਥਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੇ ਕਈ ਤਰੀਕੇ ਹਨ, ਭਾਵੇਂ ਤੁਸੀਂ ਜ਼ਮੀਨ ਵਿੱਚ ਉਗਾ ਰਹੇ ਹੋ ਜਾਂ ਕੰਟੇਨਰਾਂ ਵਿੱਚ। ਜੇਕਰ ਤੁਸੀਂ ਆਪਣੇ ਬਾਗ ਦੇ ਆਕਾਰ ਬਾਰੇ ਇੱਕ ਮਦਦਗਾਰ ਦਿਸ਼ਾ-ਨਿਰਦੇਸ਼ ਲੱਭ ਰਹੇ ਹੋ, ਤਾਂ 40 ਵਰਗ ਫੁੱਟ ਨੂੰ ਇੱਕ ਸ਼ੁਰੂਆਤੀ ਬਿੰਦੂ ਵਜੋਂ ਵਿਚਾਰੋ। ਇਹ Mississauga ਵਿੱਚ ਕਮਿਊਨਿਟੀ ਬਾਗ ਦੇ ਪਲਾਟਾਂ ਦਾ ਆਕਾਰ ਹੈ, ਜੋ ਕਈ ਤਰ੍ਹਾਂ ਦੀਆਂ <u>ਫ਼ਸਲਾਂ</u> ਦੀ <u>ਕਾਸ਼ਤ</u> ਕਰਨ ਲਈ ਕਾਫ਼ੀ ਵੱਡਾ ਹੈ ਪਰ ਨਵੇਂ ਬਾਗਬਾਨਾਂ ਲਈ ਸੰਭਾਲਣ ਯੋਗ ਹੋਣ ਲਈ ਕਾਫ਼ੀ ਛੋਟਾ ਹੈ।

ਮੈਂ ਤੰਦਰੁਸਤ ਮਿੱਟੀ ਕਿਵੇਂ ਬਣਾ ਸਕਦਾ ਹਾਂ?

ਆਪਣੀ ਮਿੱਟੀ ਦੀ ਦੇਖਭਾਲ ਕਰਨ ਨਾਲ ਪੌਸ਼ਟਿਕ ਤੱਤ ਵਧ ਸਕਦੇ ਹਨ, ਲਾਭਦਾਇਕ ਜੀਵਾਂ ਨੂੰ ਸਹਾਰਾ ਮਿਲਦਾ ਹੈ, ਮਿੱਟੀ ਦੇ ਸਖਤ ਹੋਣ ਨੂੰ ਰੋਕਿਆ ਜਾ ਸਕਦਾ ਹੈ, ਅਤੇ ਤੁਹਾਡਾ ਬਾਗ ਸਿਹਤਮੰਦ ਰਹਿੰਦਾ ਹੈ। ਹੇਠਾਂ ਦਿੱਤੇ ਰੇਖਾ-ਚਿੱਤਰ ਵਿੱਚ ਦਰਸਾਈਆਂ ਗਈਆਂ ਚਾਰ ਕਾਰਵਾਈਆਂ ਅਜਿਹੇ ਅਸਾਨ ਕਦਮ ਹਨ, ਜੋ ਤੁਸੀਂ ਆਪਣੀ ਮਿੱਟੀ ਨੂੰ ਸੁਧਾਰਨ ਲਈ ਚੁੱਕ ਸਕਦੇ ਹੋ।

ਮਲਚ ਵਰਤਣ ਨਾਲ ਹਵਾ ਅਤੇ ਮੀਂਹ ਤੋਂ ਮਿੱਟੀ ਦੇ ਕਟਾਅ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ। ਇਸਨੂੰ ਉਗਾਉਣ ਦੇ ਮੌਸਮ ਦੌਰਾਨ ਆਪਣੇ ਪੌਦਿਆਂ ਦੇ ਵਿਚਕਾਰ ਪਾਓ ਅਤੇ ਸਰਦੀਆਂ ਦੌਰਾਨ ਆਪਣੀ ਮਿੱਟੀ ਨੂੰ ਢਕਣ ਲਈ ਵਰਤੋਂ।

ਕਟਾਅ ਨੂੰ ਰੋਕਣ ਲਈ ਮਲਚ ਜਾਂ ਢੱਕਣ ਦੀ ਵਰਤੋਂ ਕਰੋ

ਸਿਰਫ਼ ਜਦੋਂ ਲੋੜ ਹੋਵੇ ਅਤੇ ਜਦੋਂ ਇਹ ਸੁੱਕੀ ਹੋਵੇ ਤਾਂ ਹੀ ਖੋਦੋ

ਆਪਣੀ ਮਿੱਟੀ ਨੂੰ ਨਾ ਜੋਤ ਕੇ ਮਿੱਟੀ ਦੇ ਹਿੱਲਣ ਨੂੰ ਘੱਟ ਕਰਨਾ, ਮਿੱਟੀ ਦੇ ਜੀਵ ਵਿਗਿਆਨ, ਜਿਵੇਂ ਕਿ ਲਾਭਦਾਇਕ ਫੰਗਸ ਅਤੇ ਕੀੜੇ-ਮਕੌੜਿਆਂ ਦੇ ਨਿਵਾਸ ਸਥਾਨ ਦੀ ਰੱਖਿਆ ਕਰਦਾ ਹੈ।

ਵੱਖ-ਵੱਖ ਕਿਸਮਾਂ ਦੇ ਪੌਦੇ ਉਗਾਉਣ ਨਾਲ ਸੂਖਮ ਜੀਵਾਂ ਨੂੰ ਸਹਾਰਾ ਮਿਲਦਾ ਹੈ ਅਤੇ ਮਿੱਟੀ ਵਿੱਚ ਪੋਸ਼ਕ ਤੱਤ ਵਧਦੇ ਹਨ, ਜਿਸ ਨਾਲ ਤੁਹਾਡੀ ਮਿੱਟੀ ਦੀ ਸਿਹਤ ਸੁਧਰਦੀ ਹੈ।

ਵੱਖ-ਵੱਖ ਕਿਸਮਾਂ ਦੇ ਪੌਦੇ ਉਗਾਓ

ਮਿੱਟੀ ਨੂੰ ਢਿੱਲੀ ਰੱਖਣ ਲਈ ਇਸ 'ਤੇ ਤੁਰਨ ਤੋਂ ਬਚੋ

ਆਪਣੇ ਬਾਗ ਵਿੱਚ ਤੁਰਨ ਤੋਂ ਬਚਣ ਨਾਲ ਤੁਹਾਡੀ ਮਿੱਟੀ ਦੇ ਸਖ਼ਤ ਹੋਣ ਨੂੰ ਘਟਾਉਂਦਾ ਹੈ, ਮਿੱਟੀ ਦੇ ਕਣਾਂ ਵਿਚਕਾਰ ਖੁੱਲ੍ਹੀ ਥਾਂ ਨੂੰ ਬਣਾਈ ਰੱਖਦਾ ਹੈ ਅਤੇ ਪਾਣੀ ਨੂੰ ਬਿਹਤਰ ਢੰਗ ਨਾਲ ਸੋਖਣ ਦਿੰਦਾ ਹੈ।

ਉਤਪਾਦ	ਇਹ ਕੀ ਹੈ?	ਬਾਗ ਲਈ ਵਰਤੋਂ
ਉੱਪਰੀ ਮਿੱਟੀ (Top Soil) ਜਾਂ ਕਾਲੀ ਮਿੱਟੀ (Black Earth)	ਇਹਨਾਂ ਲੇਬਲਾਂ ਦੇ ਨਾਲ ਵੇਚੇ ਜਾਣ ਵਾਲੇ ਉਤਪਾਦਾਂ ਵਿੱਚ ਅਕਸਰ ਘੱਟ-ਪੋਸ਼ਕ ਮਿੱਟੀ ਹੁੰਦੀ ਹੈ।	ਮਿੱਟੀ ਦੀ ਮਾਤਰਾ ਵਧਾਉਣ ਲਈ, ਹੋਰ ਪੋਸ਼ਕ ਤੱਤਾਂ ਦੇ ਨਾਲ ਮਿਲਾਉਣ ਲਈ
ਟ੍ਰਿਪਲ ਮਿਕਸ (Triple Mix)	3/1 ਮਿੱਟੀ, 3/1 ਪੀਟ ਮਾਸ ਅਤੇ 3/1 ਕੰਪੋਸਟ ਦਾ ਮਿਸ਼ਰਣ।	ਨਵੀਂ ਬਾਗ਼ ਕਿਆਰੀ ਸ਼ੁਰੂ ਕਰਨ ਲਈ ਵਧੀਆ।
ਪੌਟਿੰਗ ਮਿਕਸ (Potting Mix)	ਪੀਟ ਮਾਸ, ਕੰਪੋਸਟ ਅਤੇ ਪਰਲਾਈਟ ਦਾ ਮਿਸ਼ਰਣ।	ਸਟਰਾਈਲ ਅਤੇ ਚੰਗੀ ਨਿਕਾਸੀ ਵਾਲੀ। ਕੰਟੇਨਰ ਵਿੱਚ ਉਗਾਉਣ ਲਈ ਆਦਰਸ਼।
ਖਾਦ (Compost) ਜਾਂ ਗੋਹੇ ਦੀ ਖਾਦ (Manure)	ਸੜੇ-ਗਲੇ ਪੌਦੇ/ਜਾਨਵਰਾਂ ਸਬੰਧੀ ਕੂੜਾ-ਕਰਕਟ	ਜੈਵਿਕ ਪਦਾਰਥ, ਸੂਖਮ ਜੀਵ ਅਤੇ ਪੋਸ਼ਕ ਤੱਤਾਂ ਦਾ ਵਧੀਆ ਸਰੋਤ

ਆਮ ਮਿੱਟੀ ਦੇ ਉਤਪਾਦਾਂ ਦੀ ਵਿਆਖਿਆ

ਤੁਸੀਂ ਮਾਤਰਾ ਵਧਾਉਣ, ਨਿਕਾਸੀ ਨੂੰ ਸੁਧਾਰਨ, ਜਾਂ ਤੁਹਾਡੀ ਮਿੱਟੀ ਵਿੱਚ ਪੋਸ਼ਕ ਤੱਤਾਂ ਦੀ ਮਾਤਰਾ ਵਧਾਉਣ ਲਈ ਤਿਆਰ ਕੀਤੇ ਉਤਪਾਦਾਂ ਨੂੰ ਸ਼ਾਮਲ ਕਰਕੇ ਵੀ ਸਿਹਤਮੰਦ ਮਿੱਟੀ ਬਣਾ ਸਕਦੇ ਹੋ। ਖੱਬੇ ਪਾਸੇ ਆਮ ਉਤਪਾਦਾਂ ਅਤੇ ਉਹਨਾਂ ਦੀ ਵਰਤੋਂ ਦਾ ਸਾਰ ਦਿੱਤਾ ਗਿਆ ਹੈ।

ਸੂਝ-ਬੂਝ ਭਰੀਆਂ ਗੱਲਾਂ

ਸਾਡੇ ਭਾਈਚਾਰਕ ਬਾਗ ਵਿੱਚ, ਅਸੀਂ ਮਿੱਟੀ ਨੂੰ ਸਾਡੇ ਵੱਲੋਂ ਉਗਾਏ ਜਾਣ ਵਾਲੇ ਹਰ ਪੌਂਦੇ ਦੀ ਬੁਨਿਆਦ ਮੰਨਦੇ ਹਾਂ ਅਤੇ ਇਸ ਨਾਲ ਇਸ ਤਰ੍ਹਾਂ ਪੇਸ਼ ਆਉਂਦੇ ਹਾਂ, ਜਿਵੇਂ ਇਹ ਜੀਵਤ ਹੋਵੇ, ਕਿਉਂਕਿ ਇਹ ਹੈ ਵੀ! ਅਸੀਂ ਹਰ ਸਾਲ ਇੱਕੋ ਥਾਂ 'ਤੇ ਵੱਖ-ਵੱਖ ਚੀਜ਼ਾਂ ਉਗਾਉਂਦੇ ਹਾਂ, ਤਾਂ ਜੋ ਉਹ ਮਿੱਟੀ ਤੋਂ ਵੱਖ-ਵੱਖ ਪੌਸ਼ਟਿਕ ਤੱਤ ਲੈਣ ਅਤੇ ਇਸ ਨੂੰ ਦੇਣ। ਅਸੀਂ ਉਹ ਵਾਪਸ ਕਰਦੇ ਹੋਏ, ਜੋ ਧਰਤੀ ਸਾਨੂੰ ਦਿੰਦੀ ਹੈ, ਇਸਨੂੰ ਖਾਦ ਵੀ ਦਿੰਦੇ ਹਾਂ। ਸਿਹਤਮੰਦ ਮਿੱਟੀ ਦਾ ਮਤਲਬ ਹੈ, ਮਜ਼ਬੂਤ ਪੌਂਦੇ, ਕੀੜੇ-ਮਕੌੜਿਆਂ ਦੀ ਘੱਟ ਸੰਖਿਆ, ਅਤੇ ਇੱਕ ਅਜਿਹਾ ਬਾਗ, ਜੋ ਮੌਸਮ-ਦਰ-ਮੌਸਮ ਦੇਣਾ ਜਾਰੀ ਰੱਖਦਾ ਹੈ।"

- ਕਮਿਊਨਿਟੀ ਗਾਰਡਨ ਮੈਂਬਰ

ਨਿਰਮਾਣ ਕਰੋ

ਆਪਣਾ ਬਾਗ ਤਿਆਰ ਕਰੋ

ਜਾਣ-ਪਛਾਣ

ਤੁਸੀਂ ਆਪਣਾ ਬਾਗ਼ ਜ਼ਮੀਨ ਵਿੱਚ, ਉੱਚੀਆਂ ਕਿਆਰੀਆਂ ਵਿੱਚ, ਕੰਟੇਨਰਾਂ ਵਿੱਚ, ਜਾਂ ਇਹਨਾਂ ਤਿੰਨਾਂ ਦੇ ਸੁਮੇਲ ਵਿੱਚ ਬਣਾਉਣ ਦੀ ਚੋਣ ਕਰ ਸਕਦੇ ਹੋ। ਹਰ ਕਿਸਮ ਦੇ ਬਾਗ਼ ਦੇ ਆਪਣੇ ਫਾਇਦੇ ਹਨ ਅਤੇ ਸਭ ਤੋਂ ਵਧੀਆ ਚੋਣ ਉਹ ਹੈ, ਜੋ ਤੁਹਾਡੀ ਥਾਂ ਅਤੇ ਲੋੜਾਂ ਲਈ ਢੁਕਵੀਂ ਹੋਵੇ। ਆਪਣੇ ਬਾਗ ਦੀ ਕਿਸਮ ਚੁਣਦੇ ਸਮੇਂ, ਤੁਹਾਨੂੰ ਆਪਣੀ ਮਿੱਟੀ ਦੀ ਗੁਣਵੱਤਾ, ਪਹੁੰਚਯੋਗਤਾ ਸਬੰਧੀ ਲੋੜਾਂ, ਅਤੇ ਉਹ ਭੋਜਨ, ਜਿਸਨੂੰ ਤੁਸੀਂ ਉਗਾਉਣਾ ਚਾਹੁੰਦੇ ਹੋ, 'ਤੇ ਵਿਚਾਰ ਕਰਨਾ ਚਾਹੀਦਾ ਹੈ।

ਮੇਰੇ ਲਈ ਬਾਗ ਦਾ ਕਿਹੜਾ ਪ੍ਰਕਾਰ ਸਹੀ ਹੈ?

ਕਾਰਕ	ਜ਼ਮੀਨ ਵਿੱਚ	ਉੱਚੀਆਂ ਕਿਆਰੀਆਂ	ਕੰਟੇਨਰ
ਲਾਗਤ	ਸਭ ਤੋਂ ਘੱਟ ਲਾਗਤ	ਵੱਧ ਲਾਗਤ, ਕਿਸਮ 'ਤੇ ਨਿਰਭਰ	ਬਦਲਣਯੋਗ
ਆਕਾਰ ਅਤੇ ਤਰਤੀਬ	ਆਪਣੇ ਹਿਸਾਬ ਨਾਲ ਬਦਲਣ ਯੋਗ ਆਕਾਰ ਅਤੇ ਤਰਤੀਬ	ਆਕਾਰ ਅਤੇ ਤਰਤੀਬ ਸਪਲਾਇਰ/ਕਿਆਰੀ ਦੀ ਕਿਸਮ ਦੇ ਹਿਸਾਬ ਨਾਲ ਸੀਮਤ ਹਨ	ਬਦਲਣਯੋਗ, ਪਰ ਆਕਾਰ ਆਮ ਤੌਰ 'ਤੇ 24" ਤੋਂ ਵੱਧ ਨਹੀਂ ਹੁੰਦਾ
ਮਿੱਟੀ 'ਤੇ ਵਿਚਾਰ	ਖਰਾਬ ਮਿੱਟੀ ਵਾਲੀਆਂ ਥਾਵਾਂ ਲਈ ਢੁਕਵਾਂ ਨਹੀਂ	ਲੋੜ ਪੈਣ 'ਤੇ ਮਿੱਟੀ ਨੂੰ ਜ਼ਮੀਨ ਤੋਂ ਵੱਖ ਕੀਤਾ ਜਾ ਸਕਦਾ ਹੈ	ਗਮਲਿਆਂ ਵਾਲੀ ਮਿੱਟੀ ਦੀ ਲੋੜ ਹੁੰਦੀ ਹੈ
ਪਹੁੰਚਯੋਗਤਾ	ਸੀਮਤ ਪਹੁੰਚਯੋਗਤਾ, ਗੋਡੇ ਟੇਕਣ ਅਤੇ ਝੁਕਣ ਦੀ ਲੋੜ	ਪਹੁੰਚਯੋਗ ਵਿਕਲਪ ਉਪਲਬਧ ਹਨ	ਆਕਾਰ ਪਹੁੰਚ ਅਤੇ ਇੱਧਰ-ਉੱਧਰ ਲਿਜਾਣ ਨੂੰ ਨਿਰਧਾਰਤ ਕਰਦਾ ਹੈ
ਵਾਧੇ ਦੀਆਂ ਸੀਮਾਵਾਂ	ਬਾਗ ਦੇ ਆਕਾਰ 'ਤੇ ਨਿਰਭਰ ਕਰਦਾ ਹੈ, ਪਰ ਆਮ ਤੌਰ 'ਤੇ ਸਾਰੇ ਪੌਦੇ ਆ ਸਕਦੇ ਹਨ	ਵੱਡੇ ਪੌਦਿਆਂ (ਜਿਵੇਂ ਕਿ, ਕੱਦੂ) ਲਈ ਵਾਧੇ ਦੀਆਂ ਕੁਝ ਸੀਮਾਵਾਂ	ਛੋਟੇ ਪੌਦਿਆਂ ਅਤੇ ਛੋਟੀਆਂ ਜੜ੍ਹ ਪ੍ਰਣਾਲੀਆਂ ਲਈ ਵਧੇਰੇ ਢੁਕਵਾਂ
ਰੱਖ-ਰਖਾਅ ਦੀਆਂ ਚੁਣੌਤੀਆਂ	ਘਾਹ-ਫੂਸ ਵਿਕਸਿਤ ਹੋਣ ਨੂੰ ਰੋਕਣ ਲਈ ਵੱਧ ਰੱਖ-ਰਖਾਅ ਦੀ ਲੋੜ	ਕੁਦਰਤੀ ਲੱਕੜ ਦੀਆਂ ਕਿਆਰੀਆਂ ਨੂੰ 10 ਸਾਲਾਂ ਦੇ ਅੰਦਰ ਰੱਖ-ਰਖਾਅ ਅਤੇ ਮੁਰੰਮਤ ਦੀ ਲੋੜ ਪੈ ਸਕਦੀ ਹੈ, ਜਦਕਿ ਹੋਰ ਸਮੱਗਰੀਆਂ (ਜਿਵੇਂ ਕਿ, ਸਟੀਲ) ਵਧੇਰੇ ਟਿਕਾਊ ਹੁੰਦੀਆਂ ਹਨ	ਛੋਟੇ ਕੰਟੇਨਰਾਂ ਵਿੱਚ ਪਾਣੀ ਦੀ ਲੋੜ ਵਧ ਜਾਂਦੀ ਹੈ ਕਿਉਂਕਿ ਉਹ ਜਲਦੀ ਸੁੱਕ ਜਾਂਦੇ ਹਨ

ਉੱਚੀਆਂ ਕਿਆਰੀਆਂ ਅਤੇ ਕੰਟੇਨਰਾਂ 'ਤੇ ਵਿਚਾਰ

ਉੱਚੀਆਂ ਕਿਆਰੀਆਂ ਅਤੇ ਕੰਟੇਨਰਾਂ ਵਿੱਚ ਬਾਗਬਾਨੀ ਦੇ ਕਈ ਫਾਇਦੇ ਹੋ ਸਕਦੇ ਹਨ, ਜਿਵੇਂ ਕਿ ਕੀੜੇ-ਮਕੌੜੇ ਅਤੇ ਬਿਮਾਰੀਆਂ ਵਿੱਚ ਕਮੀ, ਨਦੀਨਾਂ ਵਿੱਚ ਕਮੀ, ਅਤੇ ਤੁਹਾਡੀਆਂ ਲੋੜਾਂ ਅਨੁਸਾਰ ਵਧੇਰੇ ਲਚਕਤਾ। ਜਦੋਂ ਤੁਸੀਂ ਆਪਣੇ ਉੱਚੇ ਜਾਂ ਕੰਟੇਨਰ ਬਾਗ ਦੀ ਯੋਜਨਾ ਬਣਾਉਂਦੇ ਹੋ, ਤਾਂ ਕੁਝ ਬੇਜੋੜ ਗੱਲਾਂ ਹਨ, ਜਿਨ੍ਹਾਂ ਬਾਰੇ ਅਸੀਂ ਹੇਠਾਂ ਚਰਚਾ ਕਰਾਂਗੇ।

ਸਮੱਗਰੀ

ਉੱਚੇ ਅਤੇ ਕੰਟੇਨਰ ਬਾਗਾਂ ਲਈ ਵਰਤੀਆਂ ਜਾ ਸਕਣ ਵਾਲੀਆਂ ਕਈ ਸਮੱਗਰੀਆਂ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਯਕੀਨੀ ਬਣਾਉਣਾ ਹੈ ਕਿ ਤੁਹਾਡੀਆਂ ਸਮੱਗਰੀਆਂ ਖਾਣ-ਪੀਣ ਲਈ ਸੁਰੱਖਿਅਤ ਹੋਣ। ਹੋਰ ਕਾਰਕਾਂ ਵਿੱਚ ਲਾਗਤ ਅਤੇ ਰੱਖ-ਰਖਾਅ ਸ਼ਾਮਲ ਹਨ। ਕੁਦਰਤੀ ਸਮੱਗਰੀਆਂ ਨੂੰ ਵੱਧ ਰੱਖ-ਰਖਾਅ ਦੀ ਲੋੜ ਹੁੰਦੀ ਹੈ (ਉਦਾਹਰਨ ਵਜੋਂ, ਲੱਕੜ ਦੇ ਬਾਗ ਦੀਆਂ ਕਿਆਰੀਆਂ ਨੂੰ ਦਸ ਸਾਲਾਂ ਤੋਂ ਪਹਿਲਾਂ ਬਦਲਣ ਦੀ ਲੋੜ ਪੈ ਸਕਦੀ ਹੈ)। ਸਟੀਲ ਦੀਆਂ ਕਿਆਰੀਆਂ ਇੱਕ ਵਧੀਆ ਅਤੇ ਕਿਫਾਇਤੀ ਵਿਕਲਪ ਹਨ ਅਤੇ ਤੁਲਨਾਤਮਕ ਤੌਰ 'ਤੇ ਇਹਨਾਂ ਨੂੰ ਘੱਟ ਦੇਖਭਾਲ ਦੀ ਲੋੜ ਹੁੰਦੀ ਹੈ। ਛੋਟੇ ਕੰਟੇਨਰਾਂ ਲਈ, ਪੱਥਰ ਅਤੇ ਭੋਜਨ-ਸੁਰੱਖਿਅਤ ਪਲਾਸਟਿਕ ਆਸਾਨੀ ਨਾਲ ਮਿਲ ਜਾਂਦੇ ਹਨ ਅਤੇ ਤੁਹਾਡੇ ਬਜਟ ਦੇ ਆਧਾਰ 'ਤੇ ਵੱਖ-ਵੱਖ ਕੀਮਤਾਂ ਉਪਲਬਧ ਹਨ।

ਵਰਤੋਂ

- ✓ ਇੱਟ
- ✓ ਪੱਥਰ
- ✓ ਜ਼ਿਆਦਾਤਰ ਪਲਾਸਟਿਕ
- ✓ ਰਸਾਇਣਾਂ ਨਾਲ ਇਲਾਜ ਨਾ ਕੀਤੀ ਹੋਈ ਲੱਕੜ ਜਿਵੇਂ ਕਿ ਸੇਡਰ

ਬਚੋ

- ✕ ਟਾਇਰ
- ✕ ਰਸਾਇਣਾਂ ਨਾਲ ਇਲਾਜ ਕੀਤੀ ਹੋਈ ਲੱਕੜ (ਜਿਵੇਂ ਕਿ ਜ਼ਿਆਦਾਤਰ ਪੈਲੇਟ)
- ✕ ਰਸਾਇਣਾਂ ਨੂੰ ਸਟੋਰ ਕਰਨ ਲਈ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਬਾਲਟੀਆਂ

ਮਿੱਟੀ

ਵੱਡੀਆਂ ਉੱਚੀਆਂ ਕਿਆਰੀਆਂ ਲਈ ਮਿੱਟੀ ਉਹੀ ਹੋ ਸਕਦੀ ਹੈ ਜੋ ਤੁਸੀਂ ਜ਼ਮੀਨ ਵਿੱਚ ਵਰਤਦੇ ਹੋ, ਜਿਸ ਵਿੱਚ ਪੋਸ਼ਕ ਤੱਤ ਮੁੜ ਭਰਨ ਲਈ ਹਰ ਸਾਲ ਕੰਪੋਸਟ ਵਰਗੀ ਜੈਵਿਕ ਸਮੱਗਰੀ ਸ਼ਾਮਲ ਕੀਤੀ ਜਾਂਦੀ ਹੈ। ਕੰਟੇਨਰਾਂ ਲਈ ਮਿੱਟੀ ਹਲਕੀ, ਹਵਾਦਾਰ ਅਤੇ ਚੰਗੀ ਤਰ੍ਹਾਂ ਨਮੀ ਰੱਖਣ ਵਾਲੀ ਹੋਣੀ ਚਾਹੀਦੀ ਹੈ। ਇਸਨੂੰ ਅਕਸਰ "ਪੌਟਿੰਗ ਮਿਕਸ" ਜਾਂ "ਪੌਟਿੰਗ ਸੋਇਲ" ਕਿਹਾ ਜਾਂਦਾ ਹੈ, ਅਤੇ ਤੁਸੀਂ ਇਸਨੂੰ ਖਰੀਦ ਸਕਦੇ ਹੋ ਜਾਂ ਖੁਦ ਤਿਆਰ ਕਰ ਸਕਦੇ ਹੋ।

ਬਾਗਬਾਨੀ ਲਈ

ਇਹ ਫਾਰਮੂਲਾ ਵਰਤ ਕੇ ਆਪਣਾ ਪੌਟਿੰਗ ਮਿਕਸ ਬਣਾਓ।



ਪਹੁੰਚਯੋਗਤਾ

ਤੁਸੀਂ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਉੱਚੀਆਂ ਕਿਆਰੀਆਂ ਅਤੇ ਕੰਟੇਨਰ ਬਾਗ ਬਣਾ ਸਕਦੇ ਹੋ। ਇਸ ਬਾਰੇ ਸੋਚੋ ਕਿ ਤੁਹਾਡੇ ਸਰੀਰ ਲਈ ਕੀ ਚੰਗਾ ਮਹਿਸੂਸ ਹੁੰਦਾ ਹੈ ਅਤੇ ਉਸੇ ਅਨੁਸਾਰ ਆਪਣਾ ਬਾਗ ਬਣਾਓ। ਆਪਣੀਆਂ ਉੱਚੀਆਂ ਕਿਆਰੀਆਂ ਜਾਂ ਕੰਟੇਨਰਾਂ ਦੀ ਚੋਣ ਕਰਦੇ ਸਮੇਂ ਇਹਨਾਂ ਕਾਰਕਾਂ 'ਤੇ ਵਿਚਾਰ ਕਰੋ।

ਜਗ੍ਹਾ ਕੀ ਤੁਸੀਂ ਬਾਗ ਦੇ ਸਾਰੇ ਪਾਸਿਆਂ ਤੱਕ ਆਸਾਨੀ ਨਾਲ ਪਹੁੰਚ ਸਕਦੇ ਹੋ?

ਉਚਾਈ ਕੀ ਤੁਸੀਂ ਪੌਦਿਆਂ ਦੇ ਜੀਵਨ ਚੱਕਰ ਦੇ ਵੱਖ-ਵੱਖ ਪੜਾਵਾਂ (ਜਿਵੇਂ ਕਿ, ਬੀਜਣਾ ਬਨਾਮ ਵਾਢੀ) 'ਤੇ ਆਰਾਮ ਨਾਲ ਪਹੁੰਚ ਸਕਦੇ ਹੋ?

ਪਹੁੰਚ ਕੀ ਕੰਟੇਨਰ ਜਾਂ ਉੱਚੀਆਂ ਕਿਆਰੀਆਂ ਇੰਨੀਆਂ ਤੰਗ ਹਨ ਕਿ ਕੇਂਦਰ ਵਿੱਚ ਵਧ ਰਹੇ ਪੌਦਿਆਂ ਤੱਕ ਆਸਾਨੀ ਨਾਲ ਪਹੁੰਚਿਆ ਜਾ ਸਕੇ?

ਬਾਗਬਾਨੀ ਲਈ ਸੁਝਾਅ

ਨਿਕਾਸ

ਕੀ ਤੁਹਾਡੇ ਕੰਟੇਨਰ ਦਾ ਤਲ ਬੰਦ ਹੈ? ਜੇ ਹਾਂ, ਤਾਂ ਇਹ ਯਕੀਨੀ ਬਣਾਓ ਕਿ ਪਾਣੀ ਦੇ ਨਿਕਾਸ ਲਈ ਤਲ ਵਿੱਚ ਛੇਕ ਹੋਣ।

ਨਮੀ

ਕੰਟੇਨਰ ਬਾਗਾਂ ਨੂੰ ਜ਼ਮੀਨ ਵਿੱਚ ਉਗਾਏ ਬਾਗਾਂ ਨਾਲੋਂ ਵੱਧ ਪਾਣੀ ਦੀ ਲੋੜ ਹੋ ਸਕਦੀ ਹੈ। ਨਮੀ ਦੀ ਜਾਂਚ ਕਰਨ ਲਈ ਆਪਣੀ ਉਂਗਲੀ 2 ਇੰਚ ਅੰਦਰ ਪਾਓ — ਜੇ ਸੁੱਕੀ ਹੋਵੇ ਤਾਂ ਪਾਣੀ ਦਿਓ।

ਕੰਟੇਨਰ ਦਾ ਆਕਾਰ

ਸਮੱਗਰੀ ਦੇ ਇਲਾਵਾ, ਕੰਟੇਨਰ ਚੁਣਦੇ ਸਮੇਂ ਤੁਹਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਤੁਸੀਂ ਕਿਹੜੀਆਂ ਸਬਜ਼ੀਆਂ ਜਾਂ ਫਲ ਉਗਾਉਣਾ ਚਾਹੁੰਦੇ ਹੋ। ਸਾਰੇ ਕੰਟੇਨਰ ਹਰ ਪੌਦੇ ਲਈ ਢੁਕਵੇਂ ਨਹੀਂ ਹੁੰਦੇ – ਟਮਾਟਰ ਵਰਗੇ ਡੂੰਘੀ ਜੜ੍ਹ ਵਾਲੇ ਪੌਦਿਆਂ ਨੂੰ ਵੱਡੇ ਕੰਟੇਨਰਾਂ ਦੀ ਲੋੜ ਹੁੰਦੀ ਹੈ, ਅਤੇ ਸਕੁਆਸ਼ ਵਰਗੀਆਂ ਫੈਲਣ ਵਾਲੀਆਂ ਸਬਜ਼ੀਆਂ ਲਈ ਵਾਧੂ ਜਗ੍ਹਾ ਚਾਹੀਦੀ ਹੈ। ਗਾਜਰ ਵਰਗੀਆਂ ਜੜ੍ਹ ਵਾਲੀਆਂ ਸਬਜ਼ੀਆਂ ਆਮ ਤੌਰ 'ਤੇ ਕੰਟੇਨਰਾਂ ਵਿੱਚ ਨਹੀਂ ਉਗਾਈਆਂ ਜਾਂਦੀਆਂ, ਪਰ ਇਹ ਜ਼ਮੀਨ ਵਿੱਚ ਜਾਂ ਉੱਚੀਆਂ ਕਿਆਰੀਆਂ ਵਿੱਚ ਲਗਾਏ ਜਾ ਸਕਦੇ ਹਨ ਕਿਉਂਕਿ ਇਨ੍ਹਾਂ ਲਈ ਮਿੱਟੀ ਦੀ ਨਿਰਧਾਰਤ ਡੂੰਘਾਈ ਜ਼ਰੂਰੀ ਹੁੰਦੀ ਹੈ। ਯਾਦ ਰੱਖੋ ਕਿ ਵੱਖ-ਵੱਖ ਫਸਲਾਂ ਲਈ ਦੂਰੀ ਦੀਆਂ ਲੋੜਾਂ ਕੰਟੇਨਰਾਂ 'ਤੇ ਵੀ ਲਾਗੂ ਹੁੰਦੀਆਂ ਹਨ! ਹੋਰ ਵੇਰਵਿਆਂ ਲਈ ਪੰਨਾ 7 ਵੇਖੋ।

10"	14"	16"	18"	24"
ਸਲਾਦ ਪੱਤੇ, ਹਰੀ ਪਿਆਜ਼, ਚਾਈਵਜ਼, ਹੋਰ ਛੋਟੀਆਂ ਜੜ੍ਹੀ-ਬੂਟੀਆਂ	ਬੰਦ ਗੋਭੀ, ਮਟਰ, ਰੋਜ਼ਮੇਰੀ, ਹੋਰ ਵੱਡੀਆਂ ਜੜ੍ਹੀ-ਬੂਟੀਆਂ	ਖੰਭੀ ਵਾਲੀਆਂ ਫਲੀਆਂ, ਰੈਸਬੇਰੀ ਅਤੇ ਟਮਾਟਰ ਦੀਆਂ ਸੰਘਣੀਆਂ ਕਿਸਮਾਂ	ਫੁੱਲਗੋਭੀ, ਬੈਂਗਣ, ਤਿੱਖੀ ਅਤੇ ਮਿੱਠੀ ਮਿਰਚ, ਟਮਾਟਰ, ਭਿੰਡੀ	ਟਮਾਟਰ, ਖੀਰਾ, ਜ਼ੁਕੀਨੀ, ਖਰਬੂਜਾ, ਮਾਊਸ ਮੈਲਨ, ਸਕੁਆਸ਼

ਸੂਝ-ਬੂਝ ਭਰੀਆਂ ਗੱਲਾਂ

ਜਿਨ੍ਹਾਂ ਲੋਕਾਂ ਕੋਲ ਬਾਗ਼ ਤੱਕ ਪਹੁੰਚ ਨਹੀਂ ਹੈ, ਉਨ੍ਹਾਂ ਲਈ ਕੰਟੇਨਰ ਗਾਰਡਨਿੰਗ ਬਹੁਤ ਵਧੀਆ ਹੈ। ਮੈਂ ਅਪ੍ਰੈਲ 2019 ਵਿੱਚ ਕੰਟੇਨਰਾਂ ਵਿੱਚ ਖਾਣ ਵਾਲੇ ਪੌਦੇ ਉਗਾਉਣੇ ਸ਼ੁਰੂ ਕੀਤੇ। ਮੈਂ ਇੱਕ ਇਮਾਰਤ ਵਿੱਚ ਰਹਿੰਦਾ ਹਾਂ ਅਤੇ ਸਿਰਫ਼ ਇੱਕ ਬਾਲਕਨੀ ਤੱਕ ਪਹੁੰਚ ਹੈ, ਇਸ ਕਾਰਨ ਮੈਂ ਆਪਣੀ ਬਾਲਕਨੀ ਵਿੱਚ ਗਮਲਿਆਂ ਵਿੱਚ ਵੀਹ ਤੋਂ ਵੱਧ ਮਿਰਚਾਂ ਉਗਾ ਲਈਆਂ। ਤੁਸੀਂ ਕਿਸੇ ਸਥਾਨਕ ਨਰਸਰੀ ਤੋਂ ਵਾਜਬ ਕੀਮਤ 'ਤੇ ਬੂਟੇ ਖਰੀਦ ਸਕਦੇ ਹੋ ਜਾਂ ਆਪਣੇ ਖਾਣ ਵਾਲੇ ਭੋਜਨ ਦੇ ਬੀਜ ਬਚਾ ਕੇ ਰੱਖ ਸਕਦੇ ਹੋ। ਮੇਰੇ ਲਈ ਗਮਲਿਆਂ ਵਿੱਚ ਉਗਾਉਣ ਲਈ ਸਭ ਤੋਂ ਪਸੰਦੀਦਾ ਪੌਦੇ ਟਮਾਟਰ, ਮਿਰਚਾਂ ਜਾਂ ਨਿੰਬੂ ਹਨ। ਜਦੋਂ ਤੁਹਾਡੇ ਪੌਦੇ 3-2 ਇੰਚ ਦੇ ਹੋ ਜਾਣ, ਤਾਂ ਤੁਸੀਂ ਉਨ੍ਹਾਂ ਨੂੰ ਵੱਡੇ ਗਮਲੇ ਜਾਂ ਉੱਚੀ ਕਿਆਰੀ ਵਿੱਚ ਲਗਾ ਸਕਦੇ ਹੋ, ਤਾਂ ਜੋ ਉਨ੍ਹਾਂ ਨੂੰ ਵਧਣ ਅਤੇ ਫਲ ਲੱਗਣ ਲਈ ਜਗ੍ਹਾ ਮਿਲ ਸਕੇ। ਉਹ ਚੀਜ਼ਾਂ ਉਗਾਉਣਾ, ਜੋ ਤੁਸੀਂ ਖਾਂਦੇ ਹੋ, ਬਾਗਬਾਨੀ ਨੂੰ ਮਜ਼ੇਦਾਰ ਬਣਾਉਂਦਾ ਹੈ ਅਤੇ ਕੂੜੇ ਨੂੰ ਘਟਾਉਂਦਾ ਹੈ।"

- ਓਰਿੰਥੀਆ ਐੱਸ (Orinthea S)

ਬੀਜ

ਫੈਸਲਾ ਕਰੋ ਕਿ ਕੀ ਉਗਾਉਣਾ ਹੈ

ਜਾਣ-ਪਛਾਣ

ਤੁਹਾਡੇ ਬੀਜਾਂ ਦੀ ਚੋਣ ਬਾਗਬਾਨੀ ਦਾ ਸਭ ਤੋਂ ਰੋਮਾਂਚਕ ਹਿੱਸਾ ਹੋ ਸਕਦਾ ਹੈ। ਚਾਹੇ ਤੁਸੀਂ ਬਾਗਬਾਨੀ ਵਿੱਚ ਨਵੇਂ ਹੋ ਜਾਂ ਮਾਹਰ, ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਇਹ ਫੈਸਲਾ ਕਰਨ ਵੇਲੇ ਕੁਝ ਗੱਲਾਂ 'ਤੇ ਵਿਚਾਰ ਕਰੋ ਕਿ ਕੀ ਉਗਾਉਣਾ ਹੈ, ਇਸਨੂੰ ਕਿੱਥੋਂ ਲੱਭਣਾ ਹੈ, ਅਤੇ ਇਸਨੂੰ ਕਿਵੇਂ ਲਗਾਉਣਾ ਹੈ। ਇਹ ਚੈਪਟਰ ਇਸ ਪ੍ਰਕਿਰਿਆ ਵਿੱਚ ਤੁਹਾਡਾ ਮਾਰਗਦਰਸ਼ਨ ਕਰੇਗਾ।

ਮੈਨੂੰ ਕੀ ਉਗਾਉਣਾ ਚਾਹੀਦਾ ਹੈ?

ਇਹਨਾਂ ਸਵਾਲਾਂ ਦੀ ਵਰਤੋਂ ਇਹ ਪਤਾ ਲਗਾਉਣ ਲਈ ਕਰੋ ਕਿ ਤੁਹਾਡੇ ਬਾਗ ਵਿੱਚ ਕਿਹੜੀਆਂ ਸਬਜ਼ੀਆਂ ਉਗਾਉਣੀਆਂ ਹਨ। ਜਿਹੜੀਆਂ ਸਬਜ਼ੀਆਂ, ਤੁਸੀਂ ਸਾਰੇ ਤਿੰਨਾਂ ਸਵਾਲਾਂ ਲਈ ਸੂਚੀਬੱਧ ਕਰਦੇ ਹੋ, ਉਹ ਤੁਹਾਡੇ ਵਾਸਤੇ ਅਜ਼ਮਾਉਣ ਲਈ ਚੰਗੇ ਵਿਕਲਪ ਹਨ।

ਕਿਹੜੇ ਪੌਦੇ ਮੇਰੇ ਬਾਗ ਦੀਆਂ ਸਥਿਤੀਆਂ (ਜਿਵੇਂ ਕਿ, ਧੁੱਪ, ਲੰਬਕਾਰੀ ਜਾਂ ਆੜ੍ਹੀ ਜਗ੍ਹਾ) ਦੇ ਅਨੁਕੂਲ ਹਨ? ____________

ਨੂੰ ਕੀ ਖਾਣਾ ਪਸੰਦ ਜਾਂ ਕੀ ਅਜ਼ਮਾਉਣਾ ਪਸੰਦ ਹੈ? ____________

ਕਿਹੜੀਆਂ ਵਿਦੇਸ਼ੀ ਸਬਜ਼ੀਆਂ ਜਾਂ ਫਲਾਂ ਨੂੰ ਖਰੀਦਣਾ ਮੇਰੇ ਲਈ ਔਖਾ ਜਾਂ ਮਹਿੰਗਾ ਹੈ? ____________

ਬਾਗਬਾਨੀ ਲਈ ਸੁਝਾਅ

ਬਾਗਬਾਨੀ ਵਿੱਚ ਨਵੇਂ ਹੋ? ਆਪਣੇ ਪਹਿਲੇ ਸਾਲ ਵਿੱਚ ਉਗਾਉਣ ਲਈ 4-3 ਕਿਸਮਾਂ ਦੀਆਂ ਸਬਜ਼ੀਆਂ ਜਾਂ ਫਲ ਚੁਣੋ। ਸਮੇਂ ਦੇ ਨਾਲ ਆਪਣੇ ਹੁਨਰ ਨੂੰ ਵਧਾਉਣ ਲਈ ਹਰ ਸਾਲ ਹੋਰ ਕਿਸਮਾਂ ਸ਼ਾਮਲ ਕਰੋ।

ਮੈਂ ਬੀਜ ਕਿਵੇਂ ਲੱਭ ਸਕਦਾ ਹਾਂ?

ਖਰੀਦੋ

ਬੀਜ ਬਾਗਬਾਨੀ ਕੇਂਦਰਾਂ, ਕੁਝ ਕਰਿਆਨੇ ਦੀਆਂ ਦੁਕਾਨਾਂ, ਅਤੇ ਸਿੱਧੇ ਬੀਜ ਉਤਪਾਦਕਾਂ ਤੋਂ ਔਨਲਾਈਨ ਉਪਲਬਧ ਹਨ

ਉਧਾਰ ਲੈਣਾ

ਬੀਜ ਲਾਇਬ੍ਰੇਰੀਆਂ ਭਵਿੱਖੀ ਸਾਂਝ ਲਈ ਉਗਾਉਣ ਅਤੇ ਵਾਪਸ ਕਰਨ (ਵਿਕਲਪਿਕ) ਲਈ ਬੀਜ ਮੁਹੱਈਆ ਕਰਦੀਆਂ ਹਨ। ਕੁਝ Mississauga ਲਾਇਬ੍ਰੇਰੀਆਂ ਵਿੱਚ ਉਪਲਬਧ!

ਸੰਭਾਲੋ

ਆਪਣੇ ਬੀਜਾਂ ਨੂੰ ਭਵਿੱਖ ਵਿੱਚ ਵਰਤਣ ਲਈ ਸੰਭਾਲ ਕੇ ਰੱਖੋ (ਪੰਨਾ 27 ਵੇਖੋ)। ਵੱਖ-ਵੱਖ ਕਿਸਮਾਂ ਨੂੰ ਅਜ਼ਮਾਉਣ ਲਈ ਦੋਸਤਾਂ ਨਾਲ ਬੀਜਾਂ ਦਾ ਆਦਾਨ-ਪ੍ਰਦਾਨ ਕਰੋ!

ਮੈਂ ਕਦੋਂ ਬੀਜ ਲਗਾਵਾਂ?

ਦੱਖਣੀ ਓਨਟੈਰੀਓ ਵਿੱਚ, ਅਸੀਂ ਕੁਝ ਬੀਜ ਸਿੱਧੇ ਆਊਟਡੋਰ ਲਗਾ ਸਕਦੇ ਹਾਂ, ਪਰ ਉਗਾਉਣ ਦੇ ਲੰਬੇ ਚੱਕਰ ਵਾਲੇ ਪੌਦਿਆਂ ਨੂੰ ਖਾਸ ਹਾਲਾਤਾਂ ਵਿੱਚ ਇਨਡੋਰ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ। ਇੱਕ ਵਾਰ ਜਦੋਂ ਉਹ 'ਬੂਟੇ' ਦੇ ਪੜਾਅ 'ਤੇ ਪਹੁੰਚ ਜਾਂਦੇ ਹਨ, ਤਾਂ ਉਨ੍ਹਾਂ ਨੂੰ ਬਾਹਰ ਲਗਾਇਆ ਜਾ ਸਕਦਾ ਹੈ। ਤੁਸੀਂ ਗਾਰਡਨ ਸੈਂਟਰ ਤੋਂ ਬੂਟੇ ਖਰੀਦ ਸਕਦੇ ਹੋ ਜਾਂ ਆਪਣੇ ਖੁਦ ਦੇ ਬੂਟੇ ਉਗਾ ਸਕਦੇ ਹੋ।

ਬਾਗਬਾਨੀ ਲਈ

Mississauga ਪੌਦਿਆਂ ਵਾਸਤੇ ਸਖ਼ਤ ਜ਼ੋਨ 6 ਵਿੱਚ ਸਥਿਤ ਹੈ। ਆਪਣੀ ਪੌਦਿਆਂ ਦੀ ਚੋਣ ਪ੍ਰਕਿਰਿਆ ਵਿੱਚ ਮਾਰਗਦਰਸ਼ਨ ਲਈ ਇਸ ਬਾਰੇ ਜਾਣੋ ਕਿ ਇਸ ਜ਼ੋਨ ਵਿੱਚ ਕਿਹੜੇ ਪੌਦੇ ਸਭ ਤੋਂ ਵਧੀਆ ਵਧਦੇ ਹਨ।

Mississauga ਵਿੱਚ ਭੋਜਨ ਉਗਾਉਣ ਲਈ ਸਭ ਤੋਂ ਵਧੀਆ ਬਿਜਾਈ ਦੇ ਸਮੇਂ ਅਤੇ ਤਰੀਕੇ ਨਿਰਧਾਰਤ ਕਰਨ ਲਈ ਇਸ ਚਾਰਟ ਦੀ ਵਰਤੋਂ ਕਰੋ। ਤੁਸੀਂ ਇੱਕੋ ਥਾਂ 'ਤੇ ਸੀਜ਼ਨ ਦੌਰਾਨ ਕ੍ਰਮਵਾਰ ਬਿਜਾਈ ਕਰਕੇ ਕਈ ਕਿਸਮਾਂ ਦੀਆਂ ਸਬਜ਼ੀਆਂ ਉਗਾ ਸਕਦੇ ਹੋ। ਸੀਜ਼ਨ ਦੇ ਸ਼ੁਰੂ ਵਿੱਚ ਵਧਣ ਵਾਲੀਆਂ ਸਬਜ਼ੀਆਂ ਦੀ ਬਿਜਾਈ ਨਾਲ ਸ਼ੁਰੂਆਤ ਕਰੋ ਅਤੇ ਫਿਰ ਆਪਣੀ ਪਹਿਲੀ ਵਾਢੀ ਤੋਂ ਬਾਅਦ ਦੇਰ ਨਾਲ ਵਧਣ ਵਾਲੀਆਂ ਸਬਜ਼ੀਆਂ ਨੂੰ ਦੁਬਾਰਾ ਲਗਾਓ।

	ਆਊਟਡੋਰ ਸਿੱਧੇ ਬੀਜ	ਪੁਨਰ-ਰੋਪਣ ਆਊਟਡੋਰ ਮਈ ਦਾ ਤੀਜਾ ਹਫਤਾ	ਅਪ੍ਰੈਲ/ਮਈ ਜਾਂ ਅਗਸਤ ਵਿੱਚ ਉਗਾਓ	ਜੂਨ ਦੇ ਅੰਤ ਤੋਂ ਲੈ ਕੇ ਅਗਸਤ ਤੱਕ ਉਗਾਓ
ਬੀਂਸ	x			x
ਟਮਾਟਰ		x		
ਮਿਰਚਾਂ		x		
ਤਰਬੂਜ		x		
ਖੀਰਾ		x		
ਚੁਕੰਦਰ	x		x	
ਭਿੰਡੀ		x		
ਬ੍ਰੋਕਲੀ	x	x	x	
ਜ਼ੁਕਿਨੀ		x		
ਕੇਲ	x	x	x	
ਮੂਲੀ	x		x	
ਸ਼ਲਗਮ	x		x	
ਵਿੰਟਰ ਸਕੁਆਸ਼		x		
ਬੈਂਗਣ		x		
ਕੈਂਟਾਲੂਪ		x		
ਪਾਲਕ	x		x	
ਲੈਟਸ/ਗ੍ਰੀਨਸ	x		x	
ਬੋਕ ਚੋਏ	x	x	x	
ਬੰਦਗੋਭੀ	x	x	x	
ਬੇਜ਼ਿਲ	x		x	x
ਗਾਜਰਾਂ	x		x	
ਮਟਰ	x		x	
ਲੀਕਸ	x	x	x	
ਧਨੀਆ	x		x	
ਪਿਆਜ	x	x	x	

ਸੂਝ-ਬੂਝ ਭਰੀਆਂ ਗੱਲਾਂ

“[ਚਯੋਟੇ ਸਕੁਆਸ਼] ਕੈਰੀਬੀਅਨ, ਮੈਕਸੀਕੋ, ਦੱਖਣੀ ਅਮਰੀਕਾ ਅਤੇ ਏਸ਼ੀਆ ਵਿੱਚ ਕਾਫੀ ਮਸ਼ਹੂਰ ਹੈ। ਮੈਂ ਇਸਨੂੰ ਪਿਛਲੇ ਸਾਲ ਉਗਾਇਆ ਸੀ ਅਤੇ 66 ਫਲ ਕੱਟੇ। ਜਦੋਂ ਇਹ ਵਧ ਰਿਹਾ ਹੁੰਦਾ ਹੈ, ਤੁਸੀਂ ਇਸਦੇ ਡੰਠਲ ਅਤੇ ਉੱਪਰ ਚੜ੍ਹਾਉਣ ਵਾਲੀਆਂ ਲਟਾਂ ਖਾ ਸਕਦੇ ਹੋ। ਛੋਟੇ ਫਲ ਦਾ ਸੁਆਦ ਥੋੜ੍ਹਾ-ਥੋੜ੍ਹਾ ਸੇਬ ਅਤੇ ਨਾਸ਼ਪਾਤੀ ਜਿਹਾ ਹੁੰਦਾ ਹੈ। ਇਹ ਅਗਸਤ ਵਿੱਚ ਫੁੱਲ ਦਿੰਦੇ ਹਨ ਅਤੇ ਸਤੰਬਰ ਵਿੱਚ ਫਲ ਲੱਗਦੇ ਹਨ। ਇਸਦੀ ਸਟੋਰੇਜ ਲਾਈਫ ਲੰਬੀ ਹੁੰਦੀ ਹੈ। ਮੈਂ ਇਸਦੇ ਡੰਠਲ ਅਤੇ ਲਤਾਂ ਨੂੰ ਭੁੰਨ ਕੇ ਖਾਣ ਲਈ ਸਰਦੀਆਂ ਵਿੱਚ ਇਨਡੋਰ ਕੁਝ ਪੌਦੇ ਉਗਾਏ ਸਨ। ਤੁਸੀਂ ਸਰਦੀਆਂ ਵਿੱਚ ਇਸਨੂੰ ਸੂਪਾਂ ਵਿੱਚ ਮਿਲਾ ਕੇ ਖਾਣਾ ਜਾਰੀ ਰੱਖ ਸਕਦੇ ਹੋ। ਮੈਂ ਇਸਨੂੰ ਚਰਚਿਲ ਮੀਡੋਜ਼ ਕਮਿਊਨਿਟੀ ਗਾਰਡਨ (Churchill Meadows Community Garden) ਵਿੱਚ ਦੁਬਾਰਾ ਉਗਾਵਾਂਗੀ ਅਤੇ ਉਮੀਦ ਹੈ ਕਿ ਸਾਂਝਾ ਕਰਨ ਲਈ ਹੋਰ ਬਹੁਤ ਸਾਰੀਆਂ ਗੱਲਾਂ ਹੋਣਗੀਆਂ।”

- ਕੈਰੋਲ ਲਿਮ (Carol Lim)

ਉਗਾਓ

ਆਪਣੇ ਬਾਗ ਦੀ ਸੰਭਾਲ ਕਰੋ

ਜਾਣ-ਪਛਾਣ

ਬੀਜਣ ਤੋਂ ਬਾਅਦ, ਤੁਹਾਨੂੰ ਆਪਣੇ ਪੌਦਿਆਂ ਦੀ ਫਸਲ ਕੱਟਣ ਦੇ ਸਮੇਂ ਤੱਕ ਦੇਖਭਾਲ ਕਰਨੀ ਪਵੇਗੀ। ਇਸ ਚੈਪਟਰ ਵਿੱਚ, ਅਸੀਂ ਆਮ ਰੱਖ-ਰਖਾਅ ਦੀਆਂ ਤਕਨੀਕਾਂ ਦੀ ਸਮੀਖਿਆ ਕਰਾਂਗੇ। ਤਜਰਬੇ ਨਾਲ ਪੌਦਿਆਂ ਦੀਆਂ ਲੋੜਾਂ ਨੂੰ ਸਮਝਣ ਵਿੱਚ ਸੁਧਾਰ ਹੁੰਦਾ ਹੈ, ਇਸ ਲਈ ਅਜ਼ਮਾਇਸ਼ ਅਤੇ ਗਲਤੀ ਰਾਹੀਂ ਸਿੱਖਣ ਤੋਂ ਨਾ ਡਰੋ।

ਪਾਣੀ ਦੇਣਾ

ਛੋਟੇ ਪੌਦਿਆਂ ਨੂੰ ਦਿਨ ਵਿੱਚ ਦੋ ਵਾਰੀ ਪਾਣੀ ਦਿਓ ਅਤੇ ਵੱਡੇ ਪੌਦਿਆਂ ਨੂੰ ਹਫ਼ਤੇ ਵਿੱਚ 3–1 ਵਾਰੀ, ਮੌਸਮ ਅਨੁਸਾਰ ਘੱਟ-ਵੱਧ ਪਾਣੀ ਦਿਓ। ਪਾਣੀ ਜੜ੍ਹਾਂ 'ਤੇ ਦਿਓ, ਪੱਤਿਆਂ ਜਾਂ ਡੰਠਲਾਂ 'ਤੇ ਨਹੀਂ। ਸਭ ਤੋਂ ਵਧੀਆ ਨਤੀਜਿਆਂ ਲਈ ਸਵੇਰ ਵੇਲੇ ਪਾਣੀ ਦਿਓ।

ਘਾਹ-ਫੂਸ

ਅਣਚਾਹੇ ਪੌਦੇ, ਜਾਂ ਨਦੀਨ, ਪਾਣੀ, ਹਵਾ ਆਦਿ ਨੂੰ ਖਿੱਚ ਲੈਂਦੇ ਹਨ ਅਤੇ ਉਨ੍ਹਾਂ ਨੂੰ ਹਟਾ ਦੇਣਾ ਚਾਹੀਦਾ ਹੈ। ਆਪਣੇ ਪੌਦੇ ਦੀਆਂ ਪੱਤੀਆਂ ਬਾਰੇ ਜਾਣ ਕੇ ਉਨ੍ਹਾਂ ਦੀ ਪਛਾਣ ਕਰੋ। ਮੁੜ ਉੱਗਣ ਤੋਂ ਰੋਕਣ ਲਈ ਨਦੀਨਾਂ ਨੂੰ ਜੜ੍ਹ ਤੋਂ ਪੁੱਟੋ।

ਜਾਲੀ 'ਤੇ ਚੜ੍ਹਾਉਣਾ

ਖੀਰੇ, ਮਲਬਾਰ ਪਾਲਕ, ਬੀਂਸ, ਮਟਰ, ਅਤੇ ਸਕੁਆਸ਼ ਵਰਗੇ ਉੱਪਰ ਚੜ੍ਹਨ ਵਾਲੇ ਪੌਦਿਆਂ, ਅਤੇ ਨਾਲ ਹੀ ਟਮਾਟਰਾਂ ਨੂੰ, ਇੱਕ ਜਾਲੀ ਤੋਂ ਸਹਾਰੇ ਦੀ ਲੋੜ ਹੁੰਦੀ ਹੈ। ਤਾਰ ਨਾਲ ਬੰਨ੍ਹੇ ਹੋਏ ਧਾਤ, ਲੱਕੜ ਜਾਂ ਪਲਾਸਟਿਕ ਦੇ ਡੰਡਿਆਂ ਦੀ ਵਰਤੋਂ ਕਰੋ।

ਛੰਗਾਈ

ਛੰਗਾਈ ਨਾਲ ਵਾਧੂ ਜਾਂ ਖਰਾਬ ਟਾਹਣੀਆਂ ਨੂੰ ਹਟਾਇਆ ਜਾਂਦਾ ਹੈ, ਜਿਸ ਨਾਲ ਹਵਾ ਦਾ ਪ੍ਰਵਾਹ ਵਧਦਾ ਹੈ, ਬਿਮਾਰੀਆਂ ਦੀ ਰੋਕਥਾਮ ਹੁੰਦੀ ਹੈ ਅਤੇ ਪੌਦਿਆਂ ਨੂੰ ਵੱਧ ਫਲ ਦੇਣ ਵਿੱਚ ਮਦਦ ਮਿਲਦੀ ਹੈ। ਸਾਫ਼ ਕੈਂਚੀ ਦੀ ਵਰਤੋਂ ਕਰਕੇ ਪੱਤੇ ਦੀ ਗੰਢ ਤੋਂ ਉੱਪਰ ਕੱਟੋ—ਇਹ ਟਮਾਟਰ, ਮਿਰਚ ਅਤੇ ਸਕੁਆਸ਼ ਲਈ ਬਹੁਤ ਵਧੀਆ ਹੈ, ਪਰ ਸਾਰੇ ਪੌਦਿਆਂ ਲਈ ਲਾਜ਼ਮੀ ਨਹੀਂ!

ਸਮੇਂ ਤੋਂ ਪਹਿਲਾਂ ਫੁੱਲ ਤੇ ਬੀਜ ਆਉਣਾ

ਜਦੋਂ ਪੌਦੇ ਤਣਾਅ ਵਿੱਚ ਹੁੰਦੇ ਹਨ, ਤਾਂ ਉਹ 'ਬੋਲਟ' ਹੋ ਸਕਦੇ ਹਨ ਜਾਂ ਬਹੁਤ ਜਲਦੀ ਬੀਜ ਪੈਦਾ ਕਰ ਸਕਦੇ ਹਨ (ਤੁਹਾਡੇ ਵੱਲੋਂ ਫ਼ਸਲ ਕੱਟਣ ਦੇ ਮੌਕੇ ਤੋਂ ਪਹਿਲਾਂ ਹੀ)। ਇਸ ਨੂੰ ਰੋਕਣ ਲਈ, ਜਿਵੇਂ ਹੀ ਬੀਜ ਦੀਆਂ ਫਲੀਆਂ ਦਿਖਾਈ ਦੇਣ, ਉਹਨਾਂ ਨੂੰ ਹਟਾ ਦਿਓ ਅਤੇ ਹਾਲਾਤਾਂ, ਜਿਵੇਂ ਕਿ ਤਾਪਮਾਨ, ਪਾਣੀ, ਅਤੇ ਮਿੱਟੀ ਦੀ ਸਿਹਤ ਨੂੰ ਠੀਕ ਕਰੋ। ਇਹ ਸਿਰਫ਼ ਪੱਤੇਦਾਰ ਸਬਜ਼ੀਆਂ ਅਤੇ ਜੜ੍ਹਾਂ ਵਾਲੀਆਂ ਸਬਜ਼ੀਆਂ ਲਈ ਲਾਗੂ ਹੁੰਦਾ ਹੈ।

ਆਮ ਕੀੜਿਆਂ ਦਾ ਪ੍ਰਬੰਧਨ

ਕਈ ਜਾਨਵਰ ਅਤੇ ਕੀੜੇ ਤੁਹਾਡੇ ਖਾਣੇ ਵੱਲ ਆਕਰਸ਼ਿਤ ਹੋਣਗੇ, ਪਰ ਜੇ ਤੁਸੀਂ ਆਪਣੀ ਫਸਲ ਨੂੰ ਉਹਨਾਂ ਤੋਂ ਬਚਾਉਣਾ ਚਾਹੁੰਦੇ ਹੋ, ਤਾਂ ਇੱਥੇ ਕੁਝ ਰਣਨੀਤੀਆਂ ਹਨ, ਜੋ ਅਸੀਂ ਸੁਝਾਉਂਦੇ ਹਾਂ।

ਬਾਗਬਾਨੀ ਲਈ

ਵਧਾਉਣ ਲਈ ਇਹਨਾਂ ਟਿਕਾਊ ਕੀਟ ਕੰਟਰੋਲ ਵਿਧੀਆਂ ਦੇ ਸੁਮੇਲ ਦੀ ਵਰਤੋਂ ਕਰੋ ਸਫਲਤਾ ਦੀ ਸੰਭਾਵਨਾ।

ਰਣਨੀਤੀ	ਵਰਤੋਂ
ਭੌਤਿਕ ਰੁਕਾਵਟਾਂ	ਜਾਲ ਅਤੇ ਵਾੜ ਨਾਲ ਖਰਗੋਸ਼, ਗਿਲਹਿਰੀਆਂ, ਪੰਛੀਆਂ ਅਤੇ ਹੋਰ ਜਾਨਵਰਾਂ ਨੂੰ ਦੂਰ ਰੱਖੋ।
ਪਿਨਵੀਲ ਵਿੰਡਮਿਲਜ਼ (ਘੁੰਮਣ ਵਾਲੀਆਂ ਰੰਗ-ਬਰੰਗੀਆਂ ਪੱਖੀਆਂ)	ਜ਼ਮੀਨ ਵਿੱਚ ਕੰਪਨ ਪੈਦਾ ਕਰੋ, ਜੋ ਵੋਲ ਵਰਗੇ ਚੂਹਿਆਂ ਨੂੰ ਦੂਰ ਰੱਖਣ ਵਿੱਚ ਮਦਦ ਕਰਦਾ ਹੈ।
ਇੱਕ-ਦੂਜੇ ਦੇ ਸਹਾਇਕ ਪੌਦੇ ਲਗਾਉਣਾ	ਗੇਂਦੇ (ਮੈਰੀਗੋਲਡ) ਜਾਂ ਨਰਗਿਸ (ਡੈਫੋਡਿਲ) ਵਰਗੇ ਫੁੱਲ ਲਗਾਓ, ਜੋ ਕੀੜਿਆਂ ਨੂੰ ਦੂਰ ਰੱਖਣ ਵਾਲੇ ਕੁਦਰਤੀ ਰਸਾਇਣ ਛੱਡਦੇ ਹਨ।
ਫਸਲ ਦੀ ਯੋਜਨਾ	ਆਪਣੀ ਮੁੱਖ ਫਸਲ ਤੋਂ ਕੀੜੇ-ਮਕੌੜਿਆਂ ਨੂੰ ਦੂਰ ਰੱਖਣ ਲਈ, ਬਾਗ ਦੇ ਆਲੇ-ਦੁਆਲੇ ਉਹ ਸਬਜ਼ੀਆਂ ਲਗਾਓ, ਜਿਨ੍ਹਾਂ ਨੂੰ ਤੁਸੀਂ ਸਭ ਤੋਂ ਘੱਟ ਪਸੰਦ ਕਰਦੇ ਹੋ।
ਜੈਵਿਕ ਛਿੜਕਾਅ	ਕੀੜੇ-ਮਕੌੜੇ ਦੂਰ ਕਰਨ ਲਈ ਨਿੰਮ ਦੇ ਤੇਲ ਵਰਗੇ ਘੱਟ-ਪ੍ਰਭਾਵ ਵਾਲੇ ਜੀਵ ਰੋਕੂ ਸਪਰੇਅ ਜਾਂ ਘਰੇਲੂ ਸਪਰੇਅ (2 ਵੱਡੇ ਚਮਚ ਕੁਦਰਤੀ ਭਾਂਡੇ ਧੋਣ ਵਾਲਾ ਸਾਬਣ + 2 ਕੱਪ ਪਾਣੀ) ਦੀ ਵਰਤੋਂ ਕਰੋ।

ਬਾਗ ਵਿੱਚ ਖਰਗੋਸ਼

ਜੇ ਤੁਹਾਨੂੰ ਫਰ ਅਤੇ ਘਾਹ ਨਾਲ ਬਣਿਆ ਇੱਕ ਛੋਟਾ ਆਲ੍ਹਣਾ ਮਿਲੇ, ਤਾਂ ਇਹ ਖਰਗੋਸ਼ ਦੀ ਮਾਂ ਦਾ ਹੋ ਸਕਦਾ ਹੈ। ਉਸਨੇ ਇਸਨੂੰ ਛੱਡਿਆ ਨਹੀਂ ਹੈ—ਖਰਗੋਸ਼ ਦਿਨ ਵੇਲੇ ਸ਼ਿਕਾਰੀਆਂ ਦੀਆਂ ਨਜ਼ਰਾਂ ਤੋਂ ਬਚਣ ਲਈ ਦੂਰ ਰਹਿੰਦੇ ਹਨ, ਅਤੇ ਆਪਣੇ ਬੱਚਿਆਂ ਨੂੰ ਖੁਆਉਣ ਲਈ ਸਵੇਰ ਅਤੇ ਸ਼ਾਮ ਨੂੰ ਵਾਪਸ ਆਉਂਦੇ ਹਨ। ਬੱਚੇ ਜਲਦੀ ਵੱਡੇ ਹੁੰਦੇ ਹਨ ਅਤੇ ਸਿਰਫ਼ 3 ਹਫ਼ਤਿਆਂ ਵਿੱਚ ਆਲ੍ਹਣਾ ਛੱਡ ਦਿੰਦੇ ਹਨ। ਇਸ ਸਮੇਂ ਦੌਰਾਨ, ਉਹ ਬਹੁਤ ਘੱਟ ਪੌਦਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਜ਼ਿਆਦਾਤਰ ਲੁਕੇ ਰਹਿੰਦੇ ਹਨ। ਆਲ੍ਹਣੇ ਲਈ ਥਾਂ ਛੱਡੋ, ਅਤੇ ਜੇ ਇਹ ਬਾਗ਼ ਦੀ ਕਿਆਰੀ ਵਿੱਚ ਹੈ, ਤਾਂ ਸੁਰੱਖਿਆ ਲਈ ਇੱਕ ਹਲਕਾ ਬੈਰੀਅਰ ਲਗਾਉਣ ਬਾਰੇ ਸੋਚੋ।

ਸੂਝ-ਬੂਝ ਭਰੀਆਂ ਗੱਲਾਂ

ਸਾਡੇ ਜਾਨਵਰ ਰਿਸ਼ਤੇਦਾਰਾਂ ਨਾਲ ਸਹਿ-ਹੋਂਦ "ਕਈ ਮੂਲ ਨਿਵਾਸੀ ਪਰੰਪਰਾਵਾਂ ਵਿੱਚ, ਸਾਰੇ ਜੀਵ-ਜੰਤੂ—ਚਾਰ-ਪੈਰਾਂ ਵਾਲੇ, ਖੰਭਾਂ ਵਾਲੇ, ਰੀਂਗਣ ਵਾਲੇ—ਸਾਰੇ ਰਿਸ਼ਤੇਦਾਰ ਮੰਨੇ ਜਾਂਦੇ ਹਨ, ਨਾ ਕਿ ਘੁਸਪੈਠੀਏ। ਜਦੋਂ ਜਾਨਵਰ ਸਾਡੇ ਬਾਗਾਂ ਵਿੱਚ ਆਉਂਦੇ ਹਨ, ਤਾਂ ਉਹ ਕੀੜੇ-ਮਕੌੜੇ ਨਹੀਂ, ਸਗੋਂ ਜ਼ਮੀਨ ਨਾਲ ਸਾਡੇ ਸਾਂਝੇ ਰਿਸ਼ਤੇ ਦੀ ਯਾਦ ਦਿਵਾਉਣ ਵਾਲੇ ਸੰਦੇਸ਼ਵਾਹਕ ਹੁੰਦੇ ਹਨ। ਪੱਤੇ ਚਬਾਉਣ ਵਾਲੇ ਖਰਗੋਸ਼ ਤੋਂ ਲੈ ਕੇ ਰਾਤ ਨੂੰ ਘੁੰਮਣ ਵਾਲੇ ਰੈਕੂਨ ਤੱਕ, ਹਰ ਇੱਕ ਜੀਵ ਦੀ ਆਤਮਾ ਅਤੇ ਉਦੇਸ਼ ਹੁੰਦਾ ਹੈ। ਸਾਨੂੰ ਸੰਤੁਲਨ ਵਿੱਚ ਰਹਿਣਾ, ਸਾਂਝਾ ਕਰਨਾ, ਅਤੇ ਸੁਣਨਾ ਸਿਖਾਇਆ ਜਾਂਦਾ ਹੈ। ਜਦੋਂ ਅਸੀਂ ਯਾਦ ਰੱਖਦੇ ਹਾਂ ਕਿ ਸਿਰਫ਼ ਅਸੀਂ ਹੀ ਉੱਥੇ ਦੇ ਵਾਸੀ ਨਹੀਂ ਹਾਂ, ਤਾਂ ਸਾਡੇ ਬਗੀਚੇ ਰਿਸ਼ਤੇ ਦੀਆਂ ਥਾਵਾਂ ਬਣ ਸਕਦੇ ਹਨ, ਟਕਰਾਅ ਦੀਆਂ ਨਹੀਂ। ਨਿਰਾਸ਼ਾ ਨਾਲ ਪ੍ਰਤੀਕਿਰਿਆ ਕਰਨ ਦੀ ਬਜਾਏ, ਅਸੀਂ ਉਹਨਾਂ ਦੇ ਵਿਵਹਾਰ ਨੂੰ ਦੇਖਣਾ ਅਤੇ ਉਹਨਾਂ ਦੀਆਂ ਲੋੜਾਂ ਨੂੰ ਸਮਝਣਾ ਸਿੱਖ ਸਕਦੇ ਹਾਂ। ਥੋੜ੍ਹਾ ਵਾਧੂ ਪੌਦਿਆਂ ਨੂੰ ਲਗਾ ਕੇ, ਨੇੜੇ-ਤੇੜੇ ਜੰਗਲੀ ਪੌਦਿਆਂ ਲਈ ਜਗ੍ਹਾ ਦੇ ਕੇ, ਜਾਂ ਉਹਨਾਂ ਨੂੰ ਦੂਰ ਲਿਜਾਣ ਲਈ ਬਿਨਾਂ ਨੁਕਸਾਨ ਵਾਲੇ ਤਰੀਕੇ ਵਰਤ ਕੇ, ਅਸੀਂ ਮਿਨੋ-ਬਿਮਾਡਿਜ਼ੀਵਿਨ—ਚੰਗੀ ਜ਼ਿੰਦਗੀ—ਦਾ ਅਭਿਆਸ ਕਰਦੇ ਹਾਂ, ਜੋ ਸਤਿਕਾਰ ਅਤੇ ਪਰਸਪਰਤਾ ਵਿੱਚ ਜੜ੍ਹਿਆ ਹੋਇਆ ਹੈ। ਇਹ ਬਦਲਾਅ—ਨਿਯੰਤਰਣ ਤੋਂ ਸਹਿ-ਹੋਂਦ ਵੱਲ—ਸਾਡੇ ਪੁਰਖਿਆਂ ਦੁਆਰਾ ਕੁਦਰਤੀ ਸੰਸਾਰ ਨਾਲ ਬਣਾਏ ਗਏ ਸੰਤੁਲਨ ਦਾ ਸਨਮਾਨ ਕਰਦਾ ਹੈ। ਬਾਗ ਸਿਰਫ਼ ਸਾਡਾ ਨਹੀਂ ਹੈ; ਇਹ ਇੱਕ ਜੀਵਿਤ ਨੈੱਟਵਰਕ ਦਾ ਹਿੱਸਾ ਹੈ ਜਿੱਥੇ ਹਰ ਜੀਵ ਦੀ ਕੋਈ ਨਾ ਕੋਈ ਭੂਮਿਕਾ ਹੈ।"

- ਨਿੱਕੀ ਰਿਚਰ (Niki Richer)

ਖਾਓ

ਆਪਣੀ ਫ਼ਸਲ ਦਾ ਅਨੰਦ ਮਾਣੋ

ਜਾਣ-ਪਛਾਣ

ਹੁਣ ਜਦੋਂ ਤੁਹਾਡੀ ਸਾਰੀ ਮਿਹਨਤ ਰੰਗ ਲਿਆਈ ਹੈ, ਤਾਂ ਇਹ ਸਮਾਂ ਹੈ ਕਿ ਤੁਸੀਂ ਆਪਣੇ ਫਲਾਂ ਅਤੇ ਸਬਜ਼ੀਆਂ ਦਾ ਆਨੰਦ ਮਾਣੋ! ਘਰ ਵਿੱਚ ਉਗਾਈਆਂ ਸਬਜ਼ੀਆਂ ਦਾ ਖਾਸ ਸੁਆਦ ਹੁੰਦਾ ਹੈ ਅਤੇ ਨਵੀਆਂ ਰੈਸਪੀਜ ਨਾਲ ਪ੍ਰਯੋਗ ਕਰਨਾ ਅਤੇ ਆਪਣੀ ਫ਼ਸਲ ਨੂੰ ਦੋਸਤਾਂ ਨਾਲ ਸਾਂਝਾ ਕਰਨਾ, ਇਸ ਤਜਰਬੇ ਨੂੰ ਹੋਰ ਵੀ ਫਲਦਾਇਕ ਬਣਾਉਂਦਾ ਹੈ। ਇਸ ਚੈਪਟਰ ਵਿੱਚ, ਅਸੀਂ ਤੁਹਾਡੀਆਂ ਸਬਜ਼ੀਆਂ ਨੂੰ ਕੱਟਣ, ਸਟੋਰ ਕਰਨ ਅਤੇ ਸਾਂਝਾ ਕਰਨ ਲਈ ਸੁਝਾਵਾਂ ਦੀ ਪੜਚੋਲ ਕਰਾਂਗੇ।

ਮੈਂ ਆਪਣੀਆਂ ਸਬਜ਼ੀਆਂ ਨੂੰ ਕਦੋਂ ਤੋੜਾਂ

ਦੇਖੋ
ਕੀ ਇਹ ਸਹੀ ਆਕਾਰ ਅਤੇ ਰੰਗ ਹੈ?

ਸੁਆਦ ਲਵੋ
ਇੱਕ ਟੁਕੜਾ ਖਾਓ! ਕੀ ਇਸਦਾ ਸੁਆਦ ਚੰਗਾ ਹੈ?

ਸੁੰਘੋ
ਕੀ ਇਹ ਤਾਜ਼ਾ ਸੁਗੰਧ ਹੈ ਜਾਂ ਸੜੀ ਹੋਈ?

ਛੂਹੋ
ਕੀ ਇਹ ਸਹੀ ਤਰ੍ਹਾਂ ਇੱਕਸਾਰ ਹੈ?

ਬਾਗਬਾਨੀ ਲਈ ਸੁਝਾਅ

ਫ਼ਸਲ ਤਿਆਰ ਹੋਣ ਤੱਕ ਦੇ ਅਨੁਮਾਨਿਤ ਦਿਨਾਂ ਲਈ ਆਪਣੇ ਬੀਜ ਦੇ ਪੈਕ ਜਾਂ ਔਨਲਾਈਨ ਦੇਖੋ। ਇਹ ਸਿਰਫ਼ ਦਿਸ਼ਾ-ਨਿਰਦੇਸ਼ ਹਨ, ਇਸ ਲਈ ਇਹ ਜਾਣਨ ਲਈ ਆਪਣੀ ਸਮਝ 'ਤੇ ਭਰੋਸਾ ਕਰੋ ਕਿ ਤੁਹਾਡੀ ਬੂਟੇ ਸੱਚਮੁੱਚ ਤਿਆਰ ਹਨ!

ਪੌਦੇ ਫਸਲ ਦਿੰਦੇ ਰਹਿਣ ਅਤੇ ਉਹਨਾਂ ਨੂੰ ਸੜਨ, ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਸਬਜ਼ੀਆਂ ਨੂੰ ਜਲਦੀ ਤੋੜੋ। ਗਰਮੀਆਂ ਵਿੱਚ, ਇਸਦਾ ਮਤਲਬ ਹੋ ਸਕਦਾ ਹੈ ਕਿ ਹਰ ਰੋਜ਼ ਤਾਜ਼ਾ ਸਬਜ਼ੀਆਂ ਤੋੜੋ।

ਬਾਗਬਾਨੀ ਲਈ ਸੁਝਾਅ

ਕੀ ਤੁਹਾਡੇ ਬਾਗ ਵਿੱਚ ਤੁਹਾਡੀ ਖਾਣ ਦੀ ਲੋੜ ਤੋਂ ਵੱਧ ਫ਼ਸਲ ਹੋ ਰਹੀ ਹੈ? ਇਸਨੂੰ ਦੋਸਤਾਂ ਨਾਲ ਸਾਂਝਾ ਕਰੋ, ਸੁਰੱਖਿਅਤ ਕਰੋ ਜਾਂ ਫੂਡ ਬੈਂਕਸ ਮਿਸੀਸਾਗਾ (Food Banks Mississauga), ਦ ਕੰਪਾਸ ਫੂਡ ਬੈਂਕ (The Compass Food Bank), ਈਡਨ ਫੂਡ ਫਾਰ ਚੇਂਜ (Eden Food for Change), ਅਤੇ ਸੇਵਾ ਫੂਡ ਬੈਂਕ (Seva Food Bank) ਵਰਗੇ ਸਥਾਨਕ ਫੂਡ ਬੈਂਕਾਂ ਨੂੰ ਦਾਨ ਕਰਨ ਬਾਰੇ ਸੋਚੋ।

ਮੈਂ ਆਪਣੇ ਫਲਾਂ ਅਤੇ ਸਬਜ਼ੀਆਂ ਨੂੰ ਕਿਵੇਂ ਸੰਭਾਲ ਸਕਦਾ ਹਾਂ?

ਕੈਨਿੰਗ

ਜੇਕਰ ਚੰਗੀ ਤਰ੍ਹਾਂ ਸੀਲ ਕੀਤਾ ਜਾਵੇ, ਤਾਂ ਡੱਬਾਬੰਦ ਫਲ ਅਤੇ ਸਬਜ਼ੀਆਂ ਨੂੰ ਇੱਕ ਸਾਲ ਤੱਕ ਬਿਨਾਂ ਖਰਾਬ ਹੋਏ ਕਮਰੇ ਦੇ ਤਾਪਮਾਨ 'ਤੇ ਸਟੋਰ ਕੀਤਾ ਜਾ ਸਕਦਾ ਹੈ। ਵਾਟਰ-ਬਾਥ ਵਿਧੀ (ਜਿਵੇਂ ਕਿ, ਜਾਰਾਂ ਨੂੰ ਉਬਲਦੇ ਪਾਣੀ ਵਿੱਚ ਰੱਖਣਾ) ਨਵੇਂ ਸਿੱਖਣ ਵਾਲਿਆਂ ਲਈ ਬਹੁਤ ਵਧੀਆ ਹੈ— ਸੁਰੱਖਿਆ ਅਤੇ ਸੁਆਦ ਨੂੰ ਯਕੀਨੀ ਬਣਾਉਣ ਲਈ ਸਿਰਫ਼ ਸਹੀ ਹਦਾਇਤਾਂ ਦੀ ਪਾਲਣਾ ਕਰੋ।

ਸੁਕਾਉਣਾ

ਪਹਿਲਾਂ ਰਸਦਾਰ ਸਬਜ਼ੀਆਂ ਜਿਵੇਂ ਟਮਾਟਰ, ਚੁਕੰਦਰ ਅਤੇ ਜੁਕੀਨੀ ਦੇ ਟੁਕੜੇ ਕਰੋ, ਫਿਰ ਉਨ੍ਹਾਂ ਨੂੰ ਸੁਕਾਉਣ ਲਈ ਗਰਮ ਅਤੇ ਹਵਾਦਾਰ ਥਾਂ 'ਤੇ ਰੱਖੋ। ਮਿਰਚਾਂ ਅਤੇ ਖੁੰਬਾਂ ਸਬਜ਼ੀਆਂ ਨੂੰ ਪੂਰੀ ਤਰ੍ਹਾਂ ਸੁਕਾਇਆ ਜਾ ਸਕਦਾ ਹੈ। ਜਲਦੀ ਨਤੀਜਿਆਂ ਲਈ ਓਵਨ ਜਾਂ ਡਿਹਾਈਡ੍ਰੇਟਰ ਵਰਤੋ।

ਸਟੋਰ ਕਰਨਾ

ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ ਬੰਦਗੋਭੀ, ਠੰਡੀਆਂ, ਨਮੀ ਵਾਲੀਆਂ ਥਾਵਾਂ 'ਤੇ ਮਹੀਨਿਆਂ ਤੱਕ ਤਾਜ਼ੀਆਂ ਰਹਿ ਸਕਦੀਆਂ ਹਨ, ਜਦਕਿ ਸਕੁਆਸ਼, ਲਸਣ, ਅਤੇ ਪਿਆਜ਼ ਸੁੱਕੀਆਂ ਥਾਵਾਂ ‘ਤੇ ਸਹੀ ਰਹਿੰਦੇ ਹਨ। ਯਕੀਨੀ ਬਣਾਓ ਕਿ ਸਬਜ਼ੀਆਂ ਸਾਫ਼ ਹੋਣ ਅਤੇ ਸਟੋਰੇਜ ਵਾਲੀ ਥਾਂ 'ਤੇ ਹਵਾ ਦਾ ਪ੍ਰਵਾਹ ਹੋਵੇ।

ਖਮੀਰ ਬਣਾਉਣਾ

ਸਬਜ਼ੀਆਂ ਨੂੰ ਕਿਮਚੀ, ਸਾਉਰਕਰਾਉਟ, ਜਾਂ ਮਿਸੋ ਵਰਗੇ ਖੱਟੇ, ਪ੍ਰੋਬਾਇਓਟਿਕ-ਭਰਪੂਰ ਪਕਵਾਨਾਂ ਵਿੱਚ ਬਦਲੋ! ਖਮੀਰ ਬਣਾਉਣ ਨਾਲ ਸੁਆਦ ਵਧਦਾ ਹੈ, ਪੋਸ਼ਣ ਵਿੱਚ ਵਾਧਾ ਹੁੰਦਾ ਹੈ, ਅਤੇ ਸ਼ੈਲਫ ਲਾਈਫ ਵਧਾਉਂਦੀ ਹੈ।

ਫ੍ਰੀਜ਼ ਕਰਨਾ

ਜ਼ਿਆਦਾਤਰ ਸਬਜ਼ੀਆਂ ਨੂੰ ਫ੍ਰੀਜ਼ ਕਰਨ ਤੋਂ ਪਹਿਲਾਂ ਬਲਾਂਚ ਕਰੋ, ਮਤਲਬ ਉੱਬਲਦੇ ਪਾਣੀ ਵਿੱਚ ਇੱਕ ਮਿੰਟ ਤੱਕ ਪਾ ਕੇ ਕੱਢ ਲਓ (ਮਿਰਚਾਂ, ਪਿਆਜ਼ ਅਤੇ ਲੀਕਸ ਨੂੰ ਛੱਡ ਕੇ)। ਜੇ ਤੁਸੀਂ ਸੌਸ ਬਣਾ ਰਹੇ ਹੋ, ਤਾਂ ਕੱਚੇ ਟਮਾਟਰਾਂ ਦੀ ਬਜਾਏ ਇਸਨੂੰ ਫ੍ਰੀਜ਼ ਕਰੋ। ਇਸ ‘ਤੇ ਮਿਤੀ ਲਿਖੋ ਅਤੇ ਇੱਕ ਸਾਲ ਤੱਕ ਇਸਦਾ ਆਨੰਦ ਲਓ।



ਸੂਝ-ਬੂਝ ਭਰੀਆਂ ਗੱਲਾਂ

"ਸਾਡੇ ਪਰਿਵਾਰ ਦੀ ਇੱਕ ਰਿਵਾਇਤ ਹੈ। ਹਰ ਸ਼ੁੱਕਰਵਾਰ ਨੂੰ ਆਂਟੀ ਵੇਨੇਸੀਆ ਅਤੇ ਅੰਕਲ ਰੇ ਦੇ ਘਰ ਪੀਜ਼ਾ ਨਾਈਟ ਹੁੰਦੀ ਹੈ। ਸਾਡੀਆਂ ਸਬਜ਼ੀਆਂ ਦੀ ਫਸਲ ਇਸ ਸੁਆਦੀ ਪਰਿਵਾਰਕ ਸਮਾਗਮ ਦੇ ਅਨੁਭਵ ਨੂੰ ਹੋਰ ਵੀ ਖਾਸ ਬਣਾ ਦਿੰਦੀ ਹੈ। ਅਸੀਂ ਟਮਾਟਰਾਂ ਤੋਂ ਆਪਣੀ ਪੀਜ਼ਾ ਸਾਸ ਬਣਾਉਂਦੇ ਹਾਂ, ਅਤੇ ਸਬਜ਼ੀਆਂ ਸਾਡੀਆਂ ਤਾਜ਼ਾ ਟੌਪਿੰਗਜ਼ ਬਣਦੀਆਂ ਹਨ। ਸਾਡਾ ਲਸਣ-ਰੋਜ਼ਮੇਰੀ ਵਾਲਾ ਜੈਤੂਨ ਦਾ ਤੇਲ ਪੀਜ਼ਾ ਨੂੰ ਬੇਹੱਦ ਖਾਸ ਬਣਾ ਦਿੰਦਾ ਹੈ। ਜੈਤੂਨ ਦੇ ਤੇਲ ਨੂੰ ਛੱਡ ਕੇ, ਸਾਰੀਆਂ ਸਮੱਗਰੀਆਂ ਸਾਡੇ ਛੋਟੇ ਜਿਹੇ ਬਾਗ ਦੇ ਪਲਾਟ ਦੀ ਫਸਲ ਤੋਂ ਆਉਂਦੀਆਂ ਹਨ। ਤੁਸੀਂ ਸਾਰੀਆਂ ਤਾਜ਼ਾ ਸਮੱਗਰੀਆਂ ਤੋਂ ਮਿਲਣ ਵਾਲੇ ਕਮਾਲ ਦੇ ਸੁਆਦਾਂ ਦੀ ਕਲਪਨਾ ਕਰ ਸਕਦੇ ਹੋ। ਖਾਣੇ ਦਾ ਮਜ਼ਾ ਲਵੋ"

- ਜੈਨੀਫਰ ਬਲਾਸ, ਵੇਨੇਕਾ ਟੇਵਰਸ, ਰੇ ਪਿਚਾਰਡੋ
(Jennifer Blas, Veneca Taveras, Ray Pichardo)

ਦੁਬਾਰਾ ਪੌਦੇ ਲਗਾਓ

ਸਰਦੀਆਂ ਦੀ ਤਿਆਰੀ

ਜਾਣ-ਪਛਾਣ

ਜਿਵੇਂ ਹੀ ਮੌਸਮ ਖਤਮ ਹੋਣ ਵਾਲਾ ਹੋਵੇ, ਉਦੋਂ ਸਮਾਂ ਹੁੰਦਾ ਹੈ ਕਿ ਤੁਸੀਂ ਆਪਣੇ ਬਾਗ ਨੂੰ ਸਰਦੀਆਂ ਲਈ ਤਿਆਰ ਕਰੋ। ਇਸਦਾ ਮਤਲਬ ਹੈ, ਮਰੇ ਹੋਏ ਪੌਦਿਆਂ ਦੀ ਸਮੱਗਰੀ ਨੂੰ ਸਾਫ ਕਰਨਾ ਅਤੇ ਆਪਣੀ ਮਿੱਟੀ ਨੂੰ ਕਟਾਅ ਤੋਂ ਬਚਾਉਣਾ — ਜਦੋਂ ਹਵਾ, ਬਾਰਿਸ਼ ਅਤੇ ਬਰਫ਼ ਜ਼ਰੂਰੀ ਪੋਸ਼ਕ ਤੱਤ ਖੋਹ ਲੈਂਦੇ ਹਨ। ਇਸ ਚੈਪਟਰ ਵਿੱਚ, ਅਸੀਂ ਤੁਹਾਡੇ ਬਾਗ ਨੂੰ ਸਰਦੀਆਂ ਲਈ ਤਿਆਰ ਕਰਨ ਦੇ ਪ੍ਰਭਾਵਸ਼ਾਲੀ ਤਰੀਕਿਆਂ ਬਾਰੇ ਜਾਣਾਂਗੇ ਅਤੇ ਇਸਨੂੰ ਅਗਲੇ ਸਾਲ ਲਈ ਸਫਲਤਾ ਲਈ ਤਿਆਰ ਕਰਾਂਗੇ!

ਆਪਣੇ ਬੀਜ ਸੰਭਾਲੋ

ਆਪਣੇ ਪੌਦਿਆਂ ਤੋਂ ਬੀਜ ਸੰਭਾਲੋ, ਤਾਂ ਜੋ ਅਗਲੇ ਸਾਲ ਦੁਬਾਰਾ ਉਗਾਇਆ ਜਾ ਸਕੇ। ਭਾਵੇਂ ਉਹ ਹਾਈਬ੍ਰਿਡ, ਓਪਨ-ਪਾਲੀਨੇਟਿਡ, ਜੈਨੇਟਿਕਲੀ ਮੋਡੀਫਾਈਡ ਆਰਗੇਨਿਜ਼ਮ (Genetically Modified Organisms) (GMO), ਜਾਂ ਹੈਲਰੂਮ ਹੋਣ, ਇਹ ਬੀਜਾਂ ਦੀ ਜੈਨੇਟਿਕਸ ਨੂੰ ਪ੍ਰਭਾਵਿਤ ਕਰਦੇ ਹਨ, ਇਸ ਲਈ ਆਪਣੇ ਬੀਜਾਂ ਦੇ ਪੈਕੇਟ ਦੀ ਜਾਂਚ ਕਰੋ। GMO ਬੀਜਾਂ ਦੇ ਪੈਕੇਟ 'ਤੇ F1 ਲੇਬਲ ਹੁੰਦਾ ਹੈ।

ਫਲੀਆਂ ਅਤੇ ਮਟਰ	ਗੁੱਦੇਦਾਰ ਫਲ (ਟਮਾਟਰ, ਖੀਰਾ, ਆਦਿ)	ਪਿਆਜ਼, ਲਸਣ, ਚਾਈਵਜ਼, ਆਦਿ,	ਹਰੀਆਂ ਸਬਜ਼ੀਆਂ, ਜ਼ਿਆਦਾਤਰ ਜੜੀ-ਬੂਟੀਆਂ, ਬ੍ਰੈਸਿਕਾ (ਮੂਲੀ, ਕੇਲ ਆਦਿ)
ਆਪਣੇ ਪੌਦੇ 'ਤੇ ਕੁਝ ਬੀਨ ਜਾਂ ਮਟਰ ਦੀਆਂ ਫਲੀਆਂ ਛੱਡੋ ਅਤੇ ਉਨ੍ਹਾਂ ਦੇ ਸੁੱਕਣ ਦੀ ਉਡੀਕ ਕਰੋ। ਫਲੀਆਂ ਨੂੰ ਪੌਦਿਆਂ ਤੋਂ ਹਟਾਓ ਅਤੇ ਫਲੀਆਂ ਨੂੰ ਤੋੜ ਕੇ ਬੀਜ ਕੱਢੋ।	ਫਲਾਂ ਨੂੰ ਪੂਰੀ ਤਰ੍ਹਾਂ ਪੱਕਣ ਦਿਓ, ਫਿਰ ਵੱਢੋ। ਬੀਜਾਂ ਅਤੇ ਗੁੱਦੇ ਨੂੰ 3-2 ਦਿਨਾਂ ਲਈ ਪਾਣੀ ਵਿੱਚ ਭਿਓਂ ਦਿਓ, ਫਿਰ ਉਹ ਬੀਜ ਇਕੱਠੇ ਕਰੋ, ਜੋ ਹੇਠਾਂ ਡੁੱਬ ਜਾਂਦੇ ਹਨ। ਉਹਨਾਂ ਨੂੰ ਧੋ ਕੇ ਪੂਰੀ ਤਰ੍ਹਾਂ ਸੁਕਾ ਲਓ।	ਜਦੋਂ ਤੱਕ ਪੌਦੇ ਦੇ ਸਿਖਰ 'ਤੇ ਫੁੱਲ ਨਹੀਂ ਖਿੜਦਾ, ਉਦੋਂ ਤੱਕ ਉਡੀਕ ਕਰੋ। ਜਦੋਂ ਫੁੱਲ ਸੁੱਕ ਜਾਵੇ, ਤਾਂ ਬੀਜਾਂ ਨੂੰ ਜ਼ਮੀਨ 'ਤੇ ਡਿੱਗਣ ਤੋਂ ਪਹਿਲਾਂ ਇਕੱਠਾ ਕਰੋ।	ਉਦੋਂ ਤੱਕ ਉਡੀਕੋ ਜਦੋਂ ਤੱਕ ਪੌਦਾ ਬੀਜਾਂ ਲਈ ਤਿਆਰ ਨਾ ਹੋ ਜਾਵੇ, ਜਾਂ ਫੁੱਲਾਂ ਅਤੇ ਫਿਰ ਬੀਜਾਂ ਨਾਲ ਇੱਕ ਲੰਬਾ ਡੰਠਲ ਨਾ ਉਗਾ ਲਵੇ। ਬੀਜਾਂ ਦੇ ਸੁੱਕਣ ਦੀ ਉਡੀਕ ਕਰੋ ਅਤੇ ਉਹਨਾਂ ਨੂੰ ਡੰਠਲ ਤੋਂ ਹਟਾ ਲਓ।

ਆਪਣੇ ਬਾਗ ਨੂੰ ਸਾਫ਼ ਕਰੋ

ਉਹ ਸਾਲਾਨਾ ਪੌਦੇ ਜਿਹੜੇ ਸਰਦੀਆਂ ਵਿੱਚ ਨਹੀਂ ਬਚਦੇ, ਉਨ੍ਹਾਂ ਨੂੰ ਹਟਾ ਦਿਓ, ਜਿਵੇਂ ਕਿ ਟਮਾਟਰ, ਮਿਰਚਾਂ, ਖੀਰਾ, ਭਿੰਡੀ, ਚਯੋਟੇ, ਕਰੇਲਾ।
ਬੇਰੀਆਂ ਅਤੇ ਕੁਝ ਜੜੀ-ਬੂਟੀਆਂ ਵਰਗੇ ਬਾਰਾਂਮਾਸੀ ਪੌਦੇ ਰਹਿ ਸਕਦੇ ਹਨ।
ਮਿੱਟੀ ਦੇ ਕਟਾਅ ਨੂੰ ਘਟਾਉਣ ਲਈ, ਪੌਦਿਆਂ ਨੂੰ ਤਣੇ ਤੋਂ ਕੱਟੋ ਅਤੇ ਜੜ੍ਹਾਂ ਨੂੰ ਛੱਡ ਦਿਓ (ਜੇਕਰ ਉਹ ਛੋਟੇ ਕੰਟੇਨਰਾਂ ਵਿੱਚ ਹਨ—ਤਾਂ ਉਨ੍ਹਾਂ ਨੂੰ ਬਾਹਰ ਕੱਢ ਲਓ)।

ਬਾਗਬਾਨੀ ਲਈ ਸੁਝਾਅ

ਕੁਝ ਸਾਲਾਨਾ ਪੌਦੇ ਜਿਵੇਂ ਕੇਲ, ਲੀਕਸ, ਪਾਰਸਨਿਪਸ ਅਤੇ ਗਾਜਰ ਰੱਖ ਕੇ ਵੇਖੋ ਕਿ ਕੀ ਉਹ ਸਰਦੀਆਂ ਵਿੱਚ ਬਚ ਜਾਂਦੇ ਹਨ!

ਲਸਣ ਲਗਾਓ

ਜ਼ਿਆਦਾਤਰ ਲਸਣ ਦੀਆਂ ਕਿਸਮਾਂ ਨੂੰ Mississauga ਵਿੱਚ ਉਗਾਉਣ ਲਈ 9 ਮਹੀਨੇ ਅਤੇ ਸਰਦੀਆਂ ਦੇ ਮੌਸਮ ਦੀ ਲੋੜ ਹੁੰਦੀ ਹੈ! ਲਸਣ ਨੂੰ ਅਕਤੂਬਰ ਦੇ ਮੱਧ ਵਿੱਚ ਲਗਾਓ ਅਤੇ ਇਸਨੂੰ ਜੁਲਾਈ ਦੇ ਮੱਧ ਵਿੱਚ ਕੱਟੋ। ਗੁੱਛੇ ਦੇ ਆਕਾਰ ਨੂੰ ਵਧਾਉਣ ਲਈ ਜੂਨ ਵਿੱਚ ਫੁੱਲ ਵਾਲੇ ਡੰਠਲਾਂ ਨੂੰ ਕੱਟ ਦਿਓ।

ਕਦਮ	ਹਦਾਇਤ
1	ਗੰਢ ਤੋਂ ਲਸਣ ਦੀਆਂ ਤੁਰੀਆਂ ਵੱਖ ਕਰੋ (ਛਿੱਲੋ ਨਾ)।
2	4-3 ਇੰਚ ਡੂੰਘਾ ਇੱਕ ਖੱਡਾ ਖੋਦੋ ਅਤੇ ਚਪਟੇ ਸਿਰੇ ਨੂੰ ਹੇਠਾਂ ਕਰਕੇ ਲਸਣ ਦੀ ਕਲੀ ਨੂੰ ਖੱਡੇ ਵਿੱਚ ਰੱਖੋ।
3	ਮਿੱਟੀ ਨਾਲ ਢਕੋ ਅਤੇ ਹੌਲੀ-ਹੌਲੀ ਪਾਣੀ ਦਿਓ।
4	ਸਰਦੀਆਂ ਦੌਰਾਨ ਮਿੱਟੀ ਨੂੰ ਗਰਮ ਰੱਖਣ ਲਈ 6-4 ਇੰਚ ਮਲਚ ਦੀ ਪਰਤ ਨਾਲ ਢਕੋ।



ਖਾਦ ਪਾਓ

ਜੇ ਤੁਸੀਂ ਸਰਦੀਆਂ ਲਈ ਆਪਣੀ ਮਿੱਟੀ ਨੂੰ ਢੱਕਦੇ ਹੋ—ਤਾਂ ਪਤਝੜ ਖਾਦ ਪਾਉਣ ਦਾ ਵਧੀਆ ਸਮਾਂ ਹੈ। ਨਹੀਂ ਤਾਂ, ਬਸੰਤ ਤੱਕ ਉਡੀਕ ਕਰੋ। ਹਰ ਸਾਲ ਲਗਭਗ 1-ਇੰਚ ਖਾਦ ਪਾਓ। ਵਧੀਆ ਨਤੀਜਿਆਂ ਲਈ ਇਸਨੂੰ ਇੱਕ ਛੋਟੇ ਬੇਲਚੇ ਜਾਂ ਕਾਂਟੇ ਨਾਲ ਹਲਕਾ ਜਿਹਾ ਮਿਲਾਓ!

ਆਪਣੀ ਮਿੱਟੀ ਦੀ ਰੱਖਿਆ ਕਰੋ

ਕਵਰ ਫਸਲ

ਕਵਰ ਫਸਲਾਂ ਲਗਾਉਣ ਨਾਲ, ਮਿੱਟੀ ਸੁਧਰਦੀ ਹੈ, ਨਦੀਨਾਂ ਦੀ ਰੋਕਥਾਮ ਹੁੰਦੀ ਹੈ, ਅਤੇ ਜਦੋਂ ਤੁਹਾਡਾ ਬਾਗ ਵਰਤੋਂ ਵਿੱਚ ਨਾ ਹੋਵੇ ਤਾਂ ਕਟਾਅ ਘਟਦਾ ਹੈ। ਉਦਾਹਰਨਾਂ ਵਿੱਚ ਅਲਫਾਲਫਾ, ਕੁੱਟੂ, ਜਈ, ਆਇਲਸੀਡ ਮੂਲੀ, ਲਾਲ ਕਲੋਵਰ ਅਤੇ ਰਾਈ ਸ਼ਾਮਲ ਹਨ। ਜਦੋਂ ਤੁਸੀਂ ਆਪਣੀਆਂ ਸਬਜ਼ੀਆਂ ਲਗਾਉਣ ਲਈ ਤਿਆਰ ਹੋ ਜਾਓ, ਤਾਂ ਬਸ ਇਹਨਾਂ ਕਵਰ ਫਸਲਾਂ ਨੂੰ ਮਿੱਟੀ ਵਿੱਚ ਮਿਲਾ ਦਿਓ।

ਮਲਚ

ਮਿੱਟੀ ਉੱਤੇ ਮਲਚ ਪਾਓ ਤਾਂ ਜੋ ਕਟਾਅ ਰੋਕਿਆ ਜਾ ਸਕੇ, ਨਦੀਨਾਂ ਘੱਟ ਹੋਣ ਅਤੇ ਨਮੀ ਬਣੀ ਰਹੇ। ਉਦਾਹਰਨਾਂ ਵਿੱਚ ਸ਼ਾਮਲ ਹਨ, ਕੱਟੀ ਹੋਈ ਘਾਹ, ਪਰਾਲੀ, ਸੁੱਕੇ ਪੱਤੇ, ਲੱਕੜ ਦੇ ਟੁਕੜੇ, ਚੀੜ ਦੀਆਂ ਸੂਈਆਂ, ਲੈਂਡਸਕੇਪ ਫੈਬਰਿਕ ਅਤੇ ਬਜਰੀ। ਇਸਦੀ ਅਕਸਰ ਨਿਗਰਾਨੀ ਕਰਦੇ ਰਹੋ, ਕਿਉਂਕਿ ਇਹ ਜੀਵ-ਜੰਤੂਆਂ ਨੂੰ ਆਕਰਸ਼ਿਤ ਕਰ ਸਕਦਾ ਹੈ ਅਤੇ ਮਿੱਟੀ ਦੇ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਸੂਝ-ਬੂਝ ਭਰੀਆਂ ਗੱਲਾਂ

"ਮੈਂ ਸਿੱਖਿਆ ਕਿ ਸਰਦੀਆਂ ਦੌਰਾਨ ਲਸਣ ਲਗਾਉਣਾ ਮਿੱਟੀ ਦੀ ਮਦਦ ਕਰ ਸਕਦਾ ਹੈ। ਸਖਤ ਡੰਡੀ ਵਾਲਾ ਲਸਣ ਠੰਡੇ ਮੌਸਮ ਲਈ ਸਭ ਤੋਂ ਵਧੀਆ ਹੈ ਅਤੇ ਇਸਦੇ ਫੁੱਲਾਂ ਦੇ ਡੰਠਲ (ਫੁੱਲਾਂ ਵਾਲੀਆਂ ਡੰਡੀਆਂ) ਨਿਕਲਦੇ ਹਨ, ਜਿਨ੍ਹਾਂ ਨੂੰ ਜੂਨ ਵਿੱਚ ਹਟਾ ਦੇਣਾ ਚਾਹੀਦਾ ਹੈ, ਤਾਂ ਜੋ ਵੱਡੀਆਂ ਗੰਢਾਂ ਬਣ ਸਕਣ। ਲਸਣ ਢਿੱਲੀ, ਚੰਗੀ-ਨਿਕਾਸੀ ਵਾਲੀ ਮਿੱਟੀ ਅਤੇ ਪੂਰੀ ਧੁੱਪ ਵਿੱਚ ਵਧੀਆ ਵਧਦਾ ਹੈ। ਜਦੋਂ ਪੱਤੇ ਪੀਲੇ ਹੋ ਕੇ ਸੁੱਕਣੇ ਸ਼ੁਰੂ ਹੋ ਜਾਣ ਤਾਂ ਫਸਲ ਨੂੰ ਕੱਟੋ। ਲਸਣ ਨੂੰ 3-2 ਹਫ਼ਤਿਆਂ ਤੱਕ ਕਿਸੇ ਸੁੱਕੀ, ਹਵਾਦਾਰ ਥਾਂ 'ਤੇ ਲਟਕਾ ਕੇ ਸੁਕਾਓ ਅਤੇ ਫਿਰ ਠੰਡੀ, ਸੁੱਕੀ ਥਾਂ 'ਤੇ ਸਟੋਰ ਕਰੋ।"

- ਡੋਂਗਮਿੰਗ ਵਾਂਗ (Dongming Wang)

ਸ਼ਬਦਾਵਲੀ

ਹੇਠਾਂ ਆਮ ਬਾਗਬਾਨੀ ਦੇ ਕੁਝ ਸ਼ਬਦ ਦਿੱਤੇ ਗਏ ਹਨ ਜੋ ਸ਼ਾਇਦ ਤੁਹਾਡੇ ਲਈ ਅਣਜਾਣ ਹੋਣ, ਅਤੇ ਨਾਲ ਹੀ ਇਹਨਾਂ ਦੇ ਸਪਸ਼ਟ ਅਰਥ ਦਿੱਤੇ ਗਏ ਹਨ।

ਸਾਲਾਨਾ	ਇੱਕ ਪੌਦਾ ਜੋ ਉਗਾਉਣ ਦੇ ਮੌਸਮ ਵਿੱਚ ਵਧਦਾ, ਫੁੱਲ ਦਿੰਦਾ ਹੈ ਅਤੇ ਮਰ ਜਾਂਦਾ ਹੈ।
ਬਲਾਂਚ	ਸਬਜ਼ੀਆਂ ਜਾਂ ਫਲਾਂ ਨੂੰ ਥੋੜ੍ਹੇ ਸਮੇਂ ਲਈ ਉਬਾਲਣਾ, ਫਿਰ ਪਕਾਉਣ ਨੂੰ ਰੋਕਣ ਲਈ ਬਰਫ਼ ਵਾਲੇ ਪਾਣੀ ਵਿੱਚ ਜਲਦੀ ਠੰਡਾ ਕਰਨਾ।
ਨਾਰੀਅਲ ਦੀ ਛਿੱਲ	ਨਾਰੀਅਲ ਦੇ ਛਿਲਕਿਆਂ ਤੋਂ ਬਣਿਆ ਇੱਕ ਫਾਈਬਰ, ਜੋ ਮਿੱਟੀ ਵਿੱਚ ਨਮੀ ਬਣਾਏ ਰੱਖਣ ਲਈ ਪੀਟ ਮੌਸ ਦੀ ਥਾਂ 'ਤੇ ਵਰਤਿਆ ਜਾਂਦਾ ਹੈ।
ਮਿੱਟੀ ਦਾ	ਜਦੋਂ ਮਿੱਟੀ ਬਹੁਤ ਜ਼ਿਆਦਾ ਦਬ ਜਾਂਦੀ ਹੈ, ਤਾਂ ਪਾਣੀ, ਹਵਾ ਅਤੇ ਜੜ੍ਹਾਂ ਲਈ ਇਸ ਵਿੱਚੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ।
ਸਖਤ ਹੋਣਾ	ਖਾਣ-ਪੀਣ ਦੇ ਬਚੇ ਹੋਏ ਟੁਕੜੇ, ਪੱਤੇ, ਗੋਹਾ ਅਤੇ ਹੋਰ ਕੁਦਰਤੀ ਪਦਾਰਥ, ਜੋ ਸਮੇਂ ਦੇ ਨਾਲ ਗਲ-ਸੜ ਚੁੱਕੇ ਹਨ ਅਤੇ ਹੁਣ ਉਹਨਾਂ ਵਿੱਚ ਜ਼ਹਿਰੀਲੇ ਤੱਤ ਨਹੀਂ ਹਨ।
ਖਾਦ	ਮਿੱਟੀ ਦੀ ਸਿਹਤ ਸੁਧਾਰਨ ਲਈ ਮਿੱਟੀ ਵਿੱਚ ਮਿਲਾਏ ਜਾਂਦੇ ਹਨ।
ਫਸਲਾਂ	ਭੋਜਨ ਜਾਂ ਫਸਲ ਲਈ ਉਗਾਏ ਗਏ ਪੌਦੇ, ਜਿਵੇਂ ਸਬਜ਼ੀਆਂ, ਅਨਾਜ ਜਾਂ ਜੜੀ-ਬੂਟੀਆਂ। ਪੌਦੇ ਉਗਾਉਣ ਦੀ ਪ੍ਰਕਿਰਿਆ।
ਕਲਟੀਵੇਟਰ	ਇੱਕ ਛੋਟਾ ਹੱਥ ਦਾ ਸੰਦ ਜਿਸਦੇ ਦੰਦੇ ਕਾਂਟੇ ਵਰਗੇ ਹੁੰਦੇ ਹਨ, ਜੋ ਮਿੱਟੀ ਨੂੰ ਢਿੱਲਾ ਕਰਨ, ਨਦੀਨਾਂ ਨੂੰ ਹਟਾਉਣ ਅਤੇ ਬਾਗ਼ ਦੀਆਂਕਿਆਰੀਆਂ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ।
ਕਟਾਅ	ਜਦੋਂ ਹਵਾ ਜਾਂ ਪਾਣੀ ਮਿੱਟੀ ਨੂੰ ਵਹਾ ਕੇ ਲੈ ਜਾਂਦਾ ਹੈ, ਅਕਸਰ ਪੌਦਿਆਂ ਅਤੇ ਬਾਗਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ।
GMO	GMO, ਜਾਂ ਜੈਨੇਟਿਕਲੀ ਮੋਡੀਫਾਈਡ ਆਰਗੇਨਿਜ਼ਮ, ਉਹ ਪੌਦੇ ਹਨ, ਜਿਨ੍ਹਾਂ ਨੂੰ ਕਿਸੇ ਲੈਬ ਵਿੱਚ ਜੈਨੇਟਿਕ ਇੰਜੀਨੀਅਰਿੰਗ ਦੀ ਵਰਤੋਂ ਕਰਕੇ ਬਦਲਿਆ ਗਿਆ ਹੈ ਤਾਂ ਜੋ ਉਹਨਾਂ ਵਿੱਚ ਖਾਸ ਵਿਸ਼ੇਸ਼ਤਾਵਾਂ ਹੋਣ, ਜਿਵੇਂ ਕਿ ਕੀੜੇ-ਮਕੌੜਿਆਂ ਪ੍ਰਤੀ ਰੋਧਕਤਾ।
ਫਸਲ ਦੀ ਕਟਾਈ	ਨਾਂਵ: ਉਹ ਭੋਜਨ ਜੋ ਪੌਦਿਆਂ ਤੋਂ ਇਕੱਠੇ ਕੀਤੇ ਜਾਂਦੇ ਹਨ ਜਦੋਂ ਉਹ ਖਾਣ ਲਈ ਤਿਆਰ ਹੁੰਦੇ ਹਨ (ਜਿਵੇਂ ਕਿ ਸਬਜ਼ੀਆਂ, ਫਲ)। ਕ੍ਰਿਆ: ਖਾਣ ਲਈ ਤਿਆਰ ਸਬਜ਼ੀਆਂ ਆਦਿ ਨੂੰ ਇਕੱਠਾ ਕਰਨਾ।
ਵਿਰਾਸਤੀ	ਇੱਕ ਬੂਟੇ ਦੀ ਕਿਸਮ, ਜੋ ਕਈ ਸਾਲਾਂ ਤੋਂ ਉਗਾਈ ਜਾ ਰਹੀ ਹੈ, ਜੋ ਆਪਣੇ ਵਧੀਆ ਸੁਆਦ, ਵਿਲੱਖਣ ਦਿੱਖ, ਅਤੇ ਭਰੋਸੇਮੰਦ ਬੀਜਾਂ ਲਈ ਜਾਣੀ ਜਾਂਦੀ ਹੈ, ਜੋ ਹਰ ਵਾਰ ਇੱਕੋ ਜਿਹੇ ਬੂਟੇ ਵਿੱਚ ਉੱਗਦੇ ਹਨ।
ਹਾਈਬ੍ਰਿਡ	ਇੱਕ ਪੌਦਾ, ਜੋ ਦੋ ਵੱਖ-ਵੱਖ ਕਿਸਮਾਂ ਨੂੰ ਮਿਲਾ ਕੇ ਬਣਾਇਆ ਜਾਂਦਾ ਹੈ, ਤਾਂ ਜੋ ਦਵ ਦੀਆਂ ਸਭ ਤੋਂ ਵਧੀਆ ਵਿਸ਼ੇਸ਼ਤਾਵਾਂ ਇੱਕਠੀਆਂ ਹੋ ਜਾਣ।
ਪੌਦਿਆਂ ਵਿੱਚ ਮਿੱਟੀ ਦਾ ਸੋਖਣਾ	ਪਾਣੀ ਕਿਵੇਂ ਮਿੱਟੀ ਵਿੱਚ ਸੋਖਿਆ ਜਾਂਦਾ ਹੈ, ਜੋ ਪੌਦਿਆਂ ਦੀਆਂ ਜੜ੍ਹਾਂ ਤੱਕ ਪਹੁੰਚਣ ਵਿੱਚ ਮਦਦ ਕਰਦਾ ਹੈ।

ਪੱਤੇ ਦੀ ਗੰਢ	ਪੌਦੇ ਦੇ ਤਣੇ 'ਤੇ ਉਹ ਥਾਂ, ਜਿੱਥੇ ਪੱਤੇ ਉੱਗਦੇ ਹਨ ਅਤੇ ਨਵੀਆਂ ਟਾਹਣੀਆਂ ਜਾਂ ਜੜ੍ਹਾਂ ਬਣ ਸਕਦੀਆਂ ਹਨ।
(ਮਾਈਕ੍ਰੋ) ਔਰਗੈਨਿਜ਼ਮ ਜਾਂ ਸੂਖਮ ਜੀਵ	ਮਿੱਟੀ ਵਿੱਚ ਮੌਜੂਦ ਬਹੁਤ ਛੋਟੇ ਜੀਵ, ਜਿਵੇਂ ਕਿ ਬੈਕਟੀਰੀਆ ਅਤੇ ਫੰਗਸ, ਜੋ ਪਦਾਰਥਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ ਅਤੇ ਪੌਦਿਆਂ ਦੇ ਵਾਧੇ ਵਿੱਚ ਸਹਾਇਤਾ ਕਰਦੇ ਹਨ।
ਨਮੀ	ਮਿੱਟੀ ਵਿੱਚ ਪਾਣੀ ਦੀ ਮਾਤਰਾ, ਜਿਸਦੀ ਪੌਦਿਆਂ ਨੂੰ ਵਧਣ ਲਈ ਲੋੜ ਹੁੰਦੀ ਹੈ ਪਰ ਇਹ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਨਹੀਂ ਹੋਣੀ ਚਾਹੀਦੀ।
ਮਲਚ	ਮਿੱਟੀ ਉੱਤੇ ਪਾਈ ਜਾਣ ਵਾਲੀ ਸਮੱਗਰੀ ਦੀ ਇੱਕ ਪਰਤ (ਜਿਵੇਂ ਕਿ ਪੱਤੇ, ਪਰਾਲੀ, ਜਾਂ ਲੱਕੜ ਦੇ ਟੁਕੜੇ) ਜੋ ਨਮੀ ਨੂੰ ਬਰਕਰਾਰ ਰੱਖਦੀ ਹੈ, ਨਦੀਨਾਂ ਨੂੰ ਰੋਕਦੀ ਹੈ, ਅਤੇ ਜੜ੍ਹਾਂ ਦੀ ਰੱਖਿਆ ਕਰਦੀ ਹੈ।
ਪੋਸ਼ਕ ਤੱਤਾਂ ਨਾਲ ਭਰਪੂਰ	ਮਿੱਟੀ, ਜਿਸ ਵਿੱਚ ਉਹ ਸਾਰੇ ਕੁਦਰਤੀ ਪਦਾਰਥ ਮੌਜੂਦ ਹੁੰਦੇ ਹਨ, ਜਿਨ੍ਹਾਂ ਦੀ ਪੌਦਿਆਂ ਨੂੰ ਮਜ਼ਬੂਤੀ ਨਾਲ ਵਧਣ ਲਈ ਲੋੜ ਹੁੰਦੀ ਹੈ (ਉਦਾਹਰਨ ਵਜੋਂ, ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ)।
ਖੁੱਲ੍ਹੇ-ਪਰਾਗਿਤ	ਉਹ ਪੌਦੇ, ਜੋ ਕੁਦਰਤੀ ਤੌਰ 'ਤੇ (ਹਵਾ, ਕੀੜੇ ਆਦਿ ਰਾਹੀਂ) ਪਰਾਗਿਤ ਹੁੰਦੇ ਹਨ ਅਤੇ ਜਿਨ੍ਹਾਂ ਦੇ ਬੀਜ ਮੂਲ ਪੌਦੇ ਵਰਗੇ ਹੀ ਉੱਗਦੇ ਹਨ।
ਪਦਾਰਥ	ਕੁਦਰਤੀ ਸਮੱਗਰੀਆਂ ਜਿਵੇਂ ਕਿ ਖਾਦ, ਸੁੱਕੇ ਪੱਤੇ, ਜਾਂ ਗੋਹੇ ਦੀ ਖਾਦ, ਜੋ ਮਿੱਟੀ ਦੀ ਸਿਹਤ ਨੂੰ ਸਹਾਰਾ ਦਿੰਦੇ ਹਨ ਅਤੇ ਪੌਦਿਆਂ ਨੂੰ ਪੋਸ਼ਣ ਦਿੰਦੇ ਹਨ।
ਪੀਟ ਮੌਸ	ਕਾਈਆਂ ਤੋਂ ਬਣਿਆ ਇੱਕ ਸਪੰਜੀ ਪਦਾਰਥ, ਜੋ ਮਿੱਟੀ ਵਿੱਚ ਨਮੀ ਬਣਾਏ ਰੱਖਣ ਵਿੱਚ ਮਦਦ ਕਰਦਾ ਹੈ; ਪੀਟ ਮੌਸ ਦੀ ਕਟਾਈ ਨਾਲ ਕਾਰਬਨ ਛੱਡਦਾ ਹੈ ਅਤੇ ਇਸਨੂੰ ਇੱਕ ਟਿਕਾਊ ਪਦਾਰਥ ਨਹੀਂ ਮੰਨਿਆ ਜਾਂਦਾ।
ਬਾਰਾਂਮਾਸੀ	ਅਜਿਹਾ ਪੌਦਾ, ਜੋ ਹਰ ਉਗਾਉਣ ਵਾਲੇ ਮੌਸਮ ਵਿੱਚ ਮੁੜ ਉੱਗਦਾ ਹੈ।
ਪਰਲਾਈਟ	ਅਜਿਹਾ ਹਲਕਾ, ਚਿੱਟਾ ਜਵਾਲਾਮੁਖੀ ਪੱਥਰ, ਜੋ ਮਿੱਟੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਜੋ ਇਹ ਵਧੀਆ ਤਰੀਕੇ ਨਾਲ ਪਾਣੀ ਨਿਕਾਸ ਕਰ ਸਕੇ ਅਤੇ ਬਹੁਤ ਜ਼ਿਆਦਾ ਕਠੋਰ ਨਾ ਹੋਵੇ।
ਚੁੱਕਣ ਵਾਲੇ/ਫੜ੍ਹਨ ਵਾਲੇ	ਲੰਬੇ ਹੈਂਡਲ ਵਾਲੇ ਸੰਦ, ਜੋ ਬਾਗਬਾਨਾਂ ਨੂੰ ਝੁਕਣ ਜਾਂ ਚੜ੍ਹਨ ਤੋਂ ਬਿਨਾਂ ਚੀਜ਼ਾਂ ਤੱਕ ਪਹੁੰਚਣ ਅਤੇ ਉਠਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤੇ ਗਏ ਹਨ
ਪੌਦਿਆਂ ਵਾਸਤੇ ਸਖਤ ਜ਼ੋਨ	ਇੱਕ ਗਾਈਡ, ਜੋ ਸਥਾਨਕ ਜਲਵਾਯੂ ਅਤੇ ਸਰਦੀਆਂ ਦੇ ਤਾਪਮਾਨ ਦੇ ਆਧਾਰ 'ਤੇ ਦਰਸਾਉਂਦੀ ਹੈ ਕਿ ਤੁਹਾਡੇ ਖੇਤਰ ਵਿੱਚ ਕਿਹੜੇ ਪੌਦੇ ਸਭ ਤੋਂ ਵਧੀਆ ਉੱਗਦੇ ਹਨ
ਪੁਮਾਇਸ	ਇੱਕ ਛੇਕਦਾਰ ਜਵਾਲਾਮੁਖੀ ਪੱਥਰ, ਜੋ ਮਿੱਟੀ ਦੇ ਮਿਸ਼ਰਣ ਵਿੱਚ ਪੌਦਿਆਂ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਪਾਣੀ ਦੇ ਨਿਕਾਸ ਅਤੇ ਹਵਾ ਦੇ ਪ੍ਰਵਾਹ ਨੂੰ ਬਿਹਤਰ ਬਣਾਉਣ ਲਈ ਵਰਤਿਆ ਜਾਂਦਾ ਹੈ।

ਬਾਗ ਦੀ ਉੱਚੀ ਕਿਆਰੀ	ਮਿੱਟੀ ਨਾਲ ਭਰਿਆ ਇੱਕ ਡੱਬਾ ਜਾਂ ਫਰੇਮ, ਜੋ ਜ਼ਮੀਨ ਤੋਂ ਉੱਪਰ ਰੱਖਿਆ ਜਾਂਦਾ ਹੈ। ਇਹ ਮਿੱਟੀ ਦੀ ਨਿਕਾਸੀ ਸੁਧਾਰ ਕੇ, ਨਦੀਨਾਂ ਨੂੰ ਘਟਾ ਕੇ ਅਤੇ ਉਗਾਉਣ ਵਾਲੇ ਖੇਤਰ ਨੂੰ ਉੱਚਾ ਕਰਕੇ ਬਾਗਬਾਨੀ ਨੂੰ ਆਸਾਨ ਬਣਾਉਂਦਾ ਹੈ, ਤਾਂ ਜੋ ਤੁਹਾਨੂੰ ਜ਼ਿਆਦਾ ਝੁਕਣਾ ਨਾ ਪਵੇ।
ਫੁੱਲਾਂ ਦਾ ਡੰਠਲ	ਲਸਣ ਜਾਂ ਚਾਈਵਜ਼ ਵਰਗੇ ਪੌਦਿਆਂ ਦੇ ਕੇਂਦਰ ਤੋਂ ਉੱਗਣ ਵਾਲਾ ਫੁੱਲਾਂ ਦਾ ਡੰਠਲ। ਬੀਜ ਉੱਗਣ ਤੋਂ ਪਹਿਲਾਂ, ਇਸਨੂੰ ਕੱਟ ਕੇ ਖਾਧਾ ਜਾ ਸਕਦਾ ਹੈ। ਇੱਕ ਵਾਰ ਬੀਜ ਉੱਗ ਜਾਂਦੇ ਹਨ, ਤਾਂ ਉਹਨਾਂ ਨੂੰ ਇਕੱਠਾ ਕਰਕੇ ਦੁਬਾਰਾ ਲਗਾਇਆ ਜਾ ਸਕਦਾ ਹੈ।
ਬੀਜ-ਬੂਟੇ	ਬੀਜਾਂ ਤੋਂ ਹੁਣੇ-ਹੁਣੇ ਉੱਗੇ ਛੋਟੇ ਪੌਦੇ (ਆਮ ਤੌਰ 'ਤੇ 2 ਮਹੀਨੇ ਤੱਕ ਦੇ)।
ਕਤਰਨੀ	ਕੈਂਚੀ-ਵਰਗੇ ਸੰਦ ਜੋ ਪੌਦਿਆਂ, ਟਾਹਣੀਆਂ ਜਾਂ ਪੱਤਿਆਂ ਨੂੰ ਛਾਂਟਣ ਜਾਂ ਕੱਟਣ ਲਈ ਵਰਤੇ ਜਾਂਦੇ ਹਨ।
ਬੀਜ ਬੋਣਾ	ਬੀਜਾਂ ਨੂੰ ਮਿੱਟੀ ਵਿੱਚ ਜਾਂ ਮਿੱਟੀ ਉੱਤੇ ਰੱਖ ਕੇ ਬੀਜਣਾ।
ਜੀਵਾਣੂ-ਰਹਿਤ	ਜੀਵਾਂ ਤੋਂ ਮੁਕਤ, ਜਿਸ ਵਿੱਚ ਉਹ ਮਾਈਕ੍ਰੋਬ ਵੀ ਸ਼ਾਮਿਲ ਹਨ ਜੋ ਪੌਦਿਆਂ ਦੇ ਵਧਣ ਵਿੱਚ ਮਦਦ ਕਰਦੇ ਹਨ।
ਹੱਥ ਦੀ ਖੁਰਪੀ	ਖੋਦਣ, ਬੀਜਣ ਜਾਂ ਮਿੱਟੀ ਹਿਲਾਉਣ ਲਈ ਵਰਤਿਆ ਜਾਣ ਵਾਲਾ ਇੱਕ ਨੁਕੀਲੇ ਚਮਚੇ ਵਾਲਾ ਛੋਟਾ ਹੱਥ ਦਾ ਸੰਦ
ਜਗ੍ਹਾ ਦੇਣਾ	ਬਚੇ ਹੋਏ ਬੂਟਿਆਂ ਨੂੰ ਵਧਣ ਲਈ ਜਗ੍ਹਾ ਦੇਣ ਲਈ ਵਾਧੂ ਬੂਟਿਆਂ ਨੂੰ ਹਟਾਉਣਾ।
ਖੋਦਣਾ	ਬੀਜਣ ਲਈ ਮਿੱਟੀ ਨੂੰ ਡੂੰਘਾਈ ਨਾਲ ਉਲਟਣਾ ਜਾਂ ਖੋਦਣਾ।
ਪੁਨਰ-ਰੋਪਣ	ਕਿਸੇ ਪੌਦੇ ਨੂੰ ਇੱਕ ਥਾਂ (ਜਿਵੇਂ ਕਿ ਛੋਟੇ ਗਮਲੇ ਜਾਂ ਬੀਜਾਂ ਵਾਲੀ ਟ੍ਰੇ) ਤੋਂ ਜ਼ਮੀਨ ਜਾਂ ਵੱਡੇ ਕੰਟੇਨਰ ਵਿੱਚ ਲਿਜਾਣਾ।
ਕਿਸਮਾਂ	ਇੱਕੋ ਪੌਦੇ ਦੀਆਂ ਵੱਖ-ਵੱਖ ਕਿਸਮਾਂ, ਹਰ ਇੱਕ ਦੇ ਆਪਣੇ ਗੁਣ ਜਿਵੇਂ ਕਿ ਰੰਗ, ਸੁਆਦ, ਜਾਂ ਆਕਾਰ।
ਵੇਲਾਂ ਵਾਲਾ	ਇੱਕ ਕਿਸਮ ਦਾ ਪੌਦਾ ਜੋ ਲੰਬੇ ਤਣੇ ਜਾਂ "ਵੇਲਾਂ" ਉਗਾਉਂਦਾ ਹੈ ਅਤੇ ਚੜ੍ਹਨ ਜਾਂ ਫੈਲਣ ਲਈ ਸਹਾਰੇ ਦੀ ਲੋੜ ਪੈ ਸਕਦੀ ਹੈ।

ecosource
Growing a Green Community
MISSISSAUGA